ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/08

ਅਗਸਤ 2016 – ਨਾਨਕਸ਼ਾਹੀ ਸਾਵਣ-ਭਾਦੋਂ ੫੪੮

## ਇਤਿਹਾਸਿਕ ਦਿਹਾੜੇ

### ਅਗਸਤ ਅਤੇ ਸਤੰਬਰ 2016

| | |
|---|---|
| ਮੋਰਚਾ ਗੁਰੂ ਕਾ ਬਾਗ | ੨੪ ਸਾਵਣ (08-08-16) |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੪ ਭਾਦੋਂ (29-08-16) |
| ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੮ ਭਾਦੋਂ (02-09-16) |
| ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | ੧੯ ਭਾਦੋਂ (03-09-16) |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਜੀ | ੨੦ ਭਾਦੋਂ (04-09-16) |
| ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ | ੩੦ ਭਾਦੋਂ (14-09-16) |
| ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਜੀ | ੧ ਅੱਸੂ (16-09-16) |
| ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | ੬ ਅੱਸੂ (21-09-16) |
| ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | ੧੦ ਅੱਸੂ (25-09-16) |

www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥ **(ਪੰਨਾ ੧੩੪)**

ਪਦ ਅਰਥ:- ਭਾਦੁਇ-ਭਾਦਰੋਂ ਦੇ ਮਹੀਨੇ ਵਿਚ । ਭਰਮਿ-ਭਟਕਣਾ ਵਿਚ । ਭਲਾਣੀਆ-ਕੁਰਾਹੇ ਪੈ ਜਾਂਦੀ ਹੈ । ਹੇਤੁ-ਹਿਤ, ਪਿਆਰ । ਕੇਤੁ ਕਾਰਜਿ-ਕਿਸੇ ਕੰਮ ਵਿਚ । ਜਿਤੁ-ਜਿਸ ਵਿਚ । ਦਿਨਿ-ਦਿਨ ਵਿਚ । ਦੇਹ-ਸਰੀਰ । ਕਹਸਨਿ-ਆਖਣਗੇ । ਬਿਨਸਸੀ-ਬਿਨਸੇਗੀ । ਪ੍ਰੇਤੁ-ਗੁਜ਼ਰ ਚੁਕਿਆ, ਅਪਵਿਤ੍ਰ । ਪਕੜਿ-ਫੜ ਕੇ । ਨ ਦੇਨੀ-ਨਹੀਂ ਦੇਂਦੇ, ਨ ਦੇਨਿ । ਸਿਆਹਹੁ-ਕਾਲੇ ( ਰੰਗ) ਤੋਂ । ਸੇਤੁ-ਚਿੱਟਾ । ਕਪੇ-ਕੱਪੀਦਾ ਹੈ । ਲੂਣੈ-ਵੱਢਦਾ ਹੈ । ਖੇਤੁ-ਪੈਲੀ । ਸੰਦੜਾ-ਦਾ । ਬੋਹਿਥ-ਜਹਾਜ਼ । ਨਾ ਪਾਈਅਹਿ - ਨਹੀਂ ਪਾਏ ਜਾਂਦੇ । ਹੇਤੁ-ਹਿਤੂ, ਪਿਆਰ ਕਰਨ ਵਾਲਾ ।

ਅਰਥ:- (ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਗੁਜ਼ਰ ਗਿਆ ਹੈ । (ਲੋਥ ਅਪਵਿਤ੍ਰ ਪਈ ਹੈ, ਜਿਸ ਨੂੰ ਛੇਤੀ ਬਾਹਰ ਲੈ ਚੱਲੋ) । ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ, ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ) । ਜਿਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ ।

(ਮੌਤ ਆਈ ਵੇਖ ਕੇ ਮਨੁੱਖ) ਬੜਾ ਪਛੁਤਾਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ) । ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ) ।

ਹੇ ਨਾਨਕ ! ਜਿਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ਼ (ਵਿਚ ਚੜ੍ਹਾ) ਦੇਂਦਾ ਹੈ । ੭ ।

# ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥

ਪ੍ਰਿੰ. ਨਰਿੰਦਰ ਬੀਰ ਸਿੰਘ

ਮੱਨੁਖ ਦਾ ਸਾਰਾ ਜੋਰ ਬਾਹਰਲੀ ਸਜਾਵਟ ਤੇ ਲਗਦਾ ਹੈ ।ਮੱਨੁਖ ਨੇ ਅਪਣੇ ਆਪ ਨੂੰ ਬਾਹਰੋਂ ਸਵਾਰਨ ਦੇ ਬੇਅੰਤ ਸਾਧਨ ਬਣਾ ਲਏ ਹਨ । ਹਰ ਬੰਦਾ ਅਪਣੇ ਆਪ ਨੂੰ ਸੋਹਣਾ ਪ੍ਰਗਟ ਕਰਨ ਦਾ ਯਤਨ ਕਰਦਾ ਹੈ ।

ਮੱਨੁਖ ਦਾ ਸੁਭਾਉ ਹੈ ਕਿ ਉਹ ਅਪਣੇ ਆਪ ਨੂੰ ਸੰਸਾਰ ਵਿਚ ਸੁੰਦਰ, ਚਤੁਰ, ਉੱਚੀ ਕੁਲ ਵਾਲਾ, ਵੱਡਾ ਗਿਆਨੀ ਅਤੇ ਧੰਨਵਾਨ ਪ੍ਰਗਟ ਕਰਨ ਵਿਚ ਮਾਣ ਕਰਦਾ ਹੈ । ਉਪਰੋਕਤ ਨੂੰ ਪ੍ਰਗਟ ਕਰਨ ਲਈ ਉਹ ਅਨੇਕ ਤਰੀਕੇ ਅਪਨਾਉਂਦਾ ਹੈ । ਤਾਂ ਜੋ ਸੰਸਾਰ ਵਿਚ ਉਸਦੀ ਸ਼ੋਭਾ ਹੋਵੇ । ਇਹ ਮੱਨੁਖ ਦੇ ਜੀਵਨ ਵਿਚ ਅਪਣੇ ਆਪ ਨੂੰ ਸਵਾਰਨ ਦਾ ਯਤਨ ਹੈ । ਉਸਦਾ ਸਾਰਾ ਹੀਲਾ ਅਪਣੇ Make-up ਤੇ ਹੈ ।

ਮੱਨੁਖ ਦੁਆਰਾ ਇਸ ਪ੍ਰਗਟਾਵੇ ਦਾ ਗੁਰੂ ਅਰਜੁਨ ਪਾਤਸ਼ਾਹ ਨੇ ਹੇਠ ਲਿਖੇ ਫੁਰਮਾਨ ਰਾਹੀ ਚਿਤ੍ਰਿਤ ਕੀਤਾ ਹੈ ।

## 1. ਬਾਹਰਲਾ ਵਿਖਾਵਾ

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥
-ਸਲੋਕ ਗਉੜੀ ਮਃ ੫ - ਅੰਗ ੨੫੩

ਮੱਨੁਖ ਇਹ ਗਲ ਭੁਲ ਜਾਂਦਾ ਹੈ ਕਿ ਬਾਹਰਲ ਪ੍ਰਗਟਾਵਾ (Make-Up) ਕੇਵਲ ਅਸਲੀਅਤ ਤੇ ਪਰਦਾ ਪਾਉਣ ਦਾ ਯਤਨ ਹੈ ਇਹ ਅਸਲੀਅਤ ਮੁੜ-ਮੁੜ ਸਾਹਮਣੇ ਆਉਂਦੀ ਹੈ ਅਤੇ ਮੱਨੁਖ ਇਸ ਨੂੰ ਬਾਹਰਲੀ Make-Up ਰਾਹੀਂ ਢੱਕਣ ਦਾ ਯਤਨ ਕਰਦਾ ਹੈ ।

ਮੱਨੁਖ ਨੇ ਅਪਣੇ ਅੰਦਰ ਕਦੀ ਝਾਤ ਮਾਰਨ ਦਾ ਯਤਨ ਨਹੀਂ ਕੀਤਾ ਅਤੇ ਇਸ ਨੇ ਕਦੀ ਨਹੀਂ ਸਮਝਿਆ ਕਿ ਆਪਾ ਬਾਹਰਲੋ ਸਵਾਰਨ ਨਾਲ ਅਪਣਾ ਅੰਦਰਲਾ ਸਵਾਰਨਾ ਕਿਤਨਾ ਜਰੂਰੀ ਹੈ । ਅੰਦਰ ਤਾਂ ਸਾਡਾ ਗੰਦਗੀ ਨਾਲ ਭਰਿਆ ਪਿਆ ਹੈ ਜਿਸ ਕਰਕੇ ਅਸੀਂ ਹਮੇਸ਼ਾਂ ਦੁਖੀ ਰਹਿੰਦੇ ਹਾਂ । ਬਾਹਰਲਾ ਸਵਾਰ ਕੇ ਅਸੀ ਸੁਖੀ ਹੋਣ ਦਾ ਵਿਖਾਵਾ ਕਰਦੇ ਹਾਂ । ਗੁਰਬਾਣੀ ਹੇਠ ਲਿਖੇ ਬਚਨਾ ਰਾਹੀ ਮਨੁਖ ਦੇ ਅੰਦਰ ਦੀ ਤਸਵੀਰ ਖਿਚਦੇ ਹਨ ।

## 2. ਮੱਨੁਖ ਦੇ ਅੰਦਰ ਦੀ ਹਾਲਤ

(i) ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥-ਸਿਰੀਰਾਗੁ ਮਃ 1ਅੰਗ 15

(ii) ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥ ਮਾਰੂ ਭਗਤ ਕਬੀਰ ਜੀ-1105

ਉੱਪਰਲੇ ਵਚਨ ਮੱਨੁਖ ਨੂੰ ਬਹੁਤ ਵਡਾ ਹਲੂਣਾ ਦਿੰਦੇ ਹਨ ਅਤੇ ਉਸਦੀ ਅਸਲੀਅਤ ਤੋਂ ਜਾਣੂ ਕਰਵਾਉਂਦੇ ਹਨ।

ਮੱਨੁਖ ਨੂੰ ਅਪਣਾ ਅੰਦਰਲਾ ਸਵਾਰਨ ਲਈ ਪ੍ਰੇਰਨਾ ਦਿੰਦੇ ਹਨ ਤਾਂ ਜੋ ਇਹ ਜੀਵ ਜੋ ਵਾਹਿਗੁਰੂ ਤੇ ਟੁੱਟਿਆ ਹੈ, ਉਸ ਨਾਲ ਮਿਲਾਪ ਤੋਂ ਵਾਞਾਂ ਹੈ ਅਤੇ ਆਤਮਿਕ ਤੋਰ ਤੇ ਦੁਖੀ ਹੈ, ਅਪਣਾ ਆਪ ਸਵਾਰ ਸਕੇ ।

ਆਪਣੇ ਆਪ ਅੰਦਰਹੁ ਸਵਾਰਨ ਲਈ ਗੁਰਬਾਣੀ ਇਸ ਤਰਾਂ ਸੇਧ ਬਖਸ਼ਦੀ ਹੈ

## ਪ੍ਰਮਾਣ

(i) ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥
ਸਲੋਕ ਭਗਤ ਫਰੀਦ ਜੀ – ਅੰਗ 1384

(ii) ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥
– ਗਉੜੀ ਮਃ ੫ – ਅੰਗ 209

(iii) ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥ – ਸੂਹੀ ਮਃ 1 – ਅੰਗ 728

(iv) ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥
– ਬਿਲਾਵਲੁ ਭਗਤ ਸਧਨਾ ਜੀ – ਅੰਗ 858

(v) ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ – ਆਸਾ ਮਃ 5 – ਅੰਗ 386

ਇਸ ਸੰਬੰਧ ਵਿੱਚ ਭਾਈ ਗੁਰਦਾਸ ਜੀ ਵਾਰ 12, ਪਉੜੀ 4 ਵਿੱਚ ਇਉਂ ਜੀਵਨ ਨੂੰ ਢਾਲਣ ਦੀ ਅਗਵਾਈ ਕਰਦੇ ਹਨ ।

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਿਜ਼ ਸਮਾਵੈ । ਭਾਈ ਗੁਰਦਾਸ ਜੀ ਵਾਰ 12, ਪਉੜੀ 4

ਗੁਰਬਾਣੀ ਦਾ ਫੁਰਮਾਨ ਹੈ ਕਿ ਹੇ ਮੱਨੁਖ ਜੇ ਤੂੰ ਅਪਣੇ ਆਪ ਨੂੰ ਸਵਾਰ ਲਵੇ ਤਾਂ ਤੇਰਾ ਮਿਲਾਪ ਵਾਹਿਗੁਰੂ ਨਾਲ ਹੋ ਸਕਦਾ ਹੈ ਅਤੇ ਤੈਨੂੰ ਸਦੀਵੀ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ । ਵਾਹਿਗੁਰੂ ਤਾਂ ਕਹਿੰਦਾ ਹੈ ਜੇ ਤੂੰ ਆਪਣੇ ਆਪ ਨੂੰ ਸਵਾਰ ਕੇ ਕਦੀ ਮੇਰਾ ਹੋ ਜਾਵੇ ਤਾਂ ਸਾਰਾ ਸੰਸਾਰ ਹੀ ਤੇਰਾ ਹੋ ਜਾਵੇਗਾ । ਭਗਤ ਕਬੀਰ ਜੀ ਸਲੋਕਾਂ ਵਿਚ ਇਉ ਫੁਰਮਾਨ ਕਰਦੇ ਹਨ ।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥
– ਸਲੋਕ ਭਗਤ ਫਰੀਦ ਜੀ – ਅੰਗ ੧੩੮੨

ਆਓ, ਗੁਰੂ ਅਗੇ ਅਰਦਾਸ ਕਰੀਏ ਕਿ ਉਹ ਸਾਨੂੰ ਸਾਡਾ ਅੰਦਰਲਾ ਸਵਾਰਨ ਦੀ ਪ੍ਰੇਰਨਾ ਅਤੇ ਉਦਮ ਬਖਸ਼ੇ ਤਾਂ ਜੋ ਅਸੀਂ ਆਪ ਆਤਮਿਕ ਸੁਖ ਮਾਣ ਸਕੀਏ ਤੇ ਲੋਕਾਈ ਨੂੰ ਇਸ ਦਾ ਸੁਨੇਹਾ ਦੇ ਸਕੀਏ ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

**ਪਾਣੀ ਭਰਿਆ ਘੜਾ ਬੋਲਿਆ, ਮੈਂ ਤਾਕਤ ਰੱਖਾਂ ਵਡੇਰੀ।**

**ਤੂੰ ਰੁੜ੍ਹ-ਪੁੜ ਜਾਂਦਾ ਮੈਂ ਨਾ ਹੁੰਦਾ, ਕੀ ਹਿੰਮਤ ਸੀ ਤੇਰੀ!**

**ਪਾਣੀ ਬੋਲਿਆ ਸੁਣ ਵੇ ਘੜਿਆ, ਕਿਉਂ ਸ਼ੋਰ ਤੂੰ ਡਾਢਾ ਪਾਇਆ।**

**ਬਿਨ ਪਾਣੀ ਤੂੰ ਨਿਰੀ ਖ਼ਾਕ ਸੈਂ, ਕੀ ਸੂਰਤ ਸੀ ਤੇਰੀ!**

ਅਰਥ:- ਪਾਣੀ ਦਾ ਭਰਿਆ ਹੋਇਆ ਘੜਾ ਸੀ ਤੇ ਪਾਣੀ ਨੂੰ ਆਖਣ ਲੱਗਾ ਕਿ ਦੇਖ ਮੈਂ ਤੈਨੂੰ ਆਪਣੇ ਵਿੱਚ ਬੰਨ੍ਹ ਕੇ ਰੱਖਿਆ ਹੋਇਆ ਹੈ, ਮੈਂ ਤੈਨੂੰ ਟਿਕਾਈ ਬੈਠਾ ਹਾਂ। ਜੇਕਰ ਮੈਂ ਇਸ ਘੜੇ ਦੇ ਰੂਪ ਵਿਚ ਤੇਰਾ ਸਾਥ ਨਾ ਦਿੰਦਾ ਤਾਂ ਤੂੰ ਇਕ ਥਾਂ ਟਿਕਿਆ ਨਾ ਰਹਿ ਸਕਦਾ। ਤੇਰੇ ਵਿਚ ਟਿਕਟ ਦੀ ਕੋਈ ਸਮਰੱਥਾ ਨਹੀਂ।

ਤਾਂ ਅੱਗੋਂ ਪਾਣੀ ਨੇ ਜਵਾਬ ਦਿੱਤਾ, "ਵੇ ਘੜਿਆ! ਜ਼ਰਾ ਮੇਰੀ ਗੱਲ ਸੁਣ, ਐਵੇਂ ਰੌਲਾ ਨਾ ਪਾ, ਸ਼ੋਰ ਨਾ ਮਚਾ। ਆਪਣੀ ਤਰਫ਼ ਜ਼ਰਾ ਵਿਚਾਰ ਕਰ ਕੇ ਦੇਖ ਕਿ ਜਦੋਂ ਤੈਨੂੰ ਘੁਮਿਆਰ ਨੇ ਬਣਾਉਣਾ ਸੀ ਤਾਂ ਤੂੰ ਸੁੱਕੀ ਮਿੱਟੀ ਦੇ ਰੂਪ ਵਿਚ ਸੀ। ਸੁੱਕੀ ਮਿੱਟੀ ਲੈ ਕੇ ਉਸ ਵਿਚ ਪਾਣੀ ਪਾਇਆ। ਤੈਨੂੰ ਬਣਾਉਣ ਵੇਲੇ ਪਾਣੀ ਨੇ ਤੇਰਾ ਸਾਥ ਦਿੱਤਾ ਤੇ ਜਿਸ ਪਾਣੀ ਕਰਕੇ ਤੂੰ ਬਣਿਆ ਹੈ, ਓਸੇ ਪਾਣੀ ਨੂੰ ਭੁਲਾਈ ਬੈਠਾ ਹੈਂ। ਤੂੰ ਪਾਣੀ ਨੂੰ ਨਹੀਂ ਟਿਕਾਈ ਬੈਠਾ, ਸਗੋਂ ਪਾਣੀ ਤੈਨੂੰ ਟਿਕਾਈ ਬੈਠਾ ਹੈ। ਜੇ ਤੇਰੇ ਵਿਚ ਪਾਣੀ ਨਾ ਪੈਂਦਾ ਤਾਂ ਤੂੰ ਘੜਾ ਕਿਥੋਂ ਬਣਦੋਂ।"

ਭਾਵਾਰਥ:- ਜਿਹੜਾ ਮਨੁੱਖ ਕਹਿੰਦਾ ਹੈ ਕਿ ਮੈਂ ਪ੍ਰਭੂ ਨਾਮ ਨੂੰ ਆਪਣੇ ਅੰਦਰ ਟਿਕਾਈ ਬੈਠਾ ਹਾਂ, ਇਹ ਗੱਲ ਆਖਣੀ ਬਹੁਤ ਵੱਡੀ ਭੁੱਲ ਹੈ। ਮਨੁੱਖ ਨਾਮ ਨੂੰ ਨਹੀਂ ਟਿਕਾਈ ਬੈਠਾ, ਸਗੋਂ ਨਾਮ ਦੀ ਸ਼ਕਤੀ ਮਨੁੱਖ ਨੂੰ ਟਿਕਾਈ ਬੈਠੀ ਹੈ।

ਸੋ ਪ੍ਰਭੂ ਮਿਹਰ ਕਰੇ, ਮਨੁੱਖ ਦੇ ਅੰਦਰੋਂ 'ਮੈਂ' (ਹਉਮੈ) ਮੁੱਕ ਜਾਵੇ ਤੇ ਸਿਰਫ਼ ਨਾਮ ਹੀ ਨਾਮ ਰਹਿ ਜਾਏ, ਮਨੁੱਖ ਸਿਰਫ਼ ਇਹੀ ਸਮਝੇ:

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥

(ਗਉੜੀ ਸੁਖਮਨੀ ਮ: ੫, ਪੰਨਾ 284)

---

**ਸੁਬਹ ਉਠ ਕੇ ਮੁਰਸ਼ਦ ਦੇ ਦਰ, ਜਾਇ ਤੂੰ ਸੀਸ ਝੁਕਾਵੀਂ।**

**ਸ਼ਰਧਾ ਪ੍ਰੇਮ ਸਿਦਕ ਲੈ ਪੱਲੇ, ਭੇਟਾ ਜਾਇ ਚੜ੍ਹਾਵੀਂ।**

**ਅਰਜ਼ੋਈ ਜੋਦੜੀ ਕਰਦਾ ਕਰਦਾ, ਦਰ ਤੂੰ ਪੱਕਾ ਮੱਲ ਲੈ।**

**ਮੁਰਸ਼ਦ ਤੈਨੂੰ ਸਭ ਕੁਝ ਦੇ ਸੀ, ਦਰ ਛੱਡ ਨਾ ਕਿਧਰੇ ਜਾਵੀਂ।**

ਅਰਥ:- ਐ ਬੰਦੇ! ਸਵੇਰੇ ਅੰਮ੍ਰਿਤ ਵੇਲੇ ਉੱਠੀ। ਫਿਰ ਆਪਣੇ ਮੁਰਸ਼ਦ ਗੁਰੂ ਪਾਸ ਜਾਵੀਂ, ਜਾ ਕੇ ਗੁਰੂ ਸਾਹਿਬ ਜੀ ਨੂੰ ਮੱਥਾ ਟੇਕੀਂ, ਨਮਸਕਾਰ ਕਰੀਂ। ਗੁਰੂ ਤੇ ਸ਼ਰਧਾ ਵਿਸ਼ਵਾਸ ਹੋਣ ਦੇ ਬਾਵਜੂਦ ਅਗਰ ਕੁਝ ਸਮਾਂ ਕੋਈ ਪ੍ਰਾਪਤੀ ਨਾ ਵੀ ਹੋਵੇ ਤਾਂ ਵੀ ਉਸ ਪ੍ਰਭੂ ਦੀ ਯਾਦ ਵਿਚ ਲੱਗੇ ਰਹਿਣਾ। ਇਹ

ਸਿਦਕ ਕਹਿਲਾਉਂਦਾ ਹੈ ਤੇ ਤੂੰ ਵੀ ਸਿਦਕੀ ਬਣਨਾ ਹੈ । ਪ੍ਰੇਮ ਦੀ ਭੇਟਾ ਅਰਪਣ ਕਰ ਕੇ ਅਰਦਾਸ ਕਰਨਾ ਤੇ ਇਸ ਦਰ ਨੂੰ ਛੱਡ ਕੇ ਹੋਰ ਕਿਸੇ ਪਾਸੇ ਨਹੀਂ ਜਾਣਾ । ਮੜ੍ਹੀ-ਮਸਾਣਾਂ ਆਦਿਕ ਦੀ ਪੂਜਾ ਵਿਚ ਨਹੀਂ ਲੱਗਣਾ । ਆਪਣੇ ਗੁਰੂ ਦਾ ਪੱਲਾ ਫੜਨ ਨਾਲ ਗੁਰੂ ਪਾਸੋਂ ਸਿੱਖ ਸਭ ਕੁਝ ਲੈ ਲੈਂਦਾ ਹੈ ।

ਭਾਵਾਰਥ :- ਇਹ ਜੀਵਨ-ਜਾਚ ਹੈ-ਸਵੇਰੇ ਉੱਠਣਾ , ਬੰਦਗੀ-ਸਿਮਰਨ ਕਰਨਾ, ਗੁਰੂ ਦੀ ਸ਼ਰਨ ਵਿਚ ਜਾਣਾ । ਸ਼ਰਧਾ, ਪ੍ਰੇਮ ਅਤੇ ਸਿਦਕ ਵਾਲੇ ਸਭ ਕੁਝ ਪ੍ਰਾਪਤ ਕਰ ਲੈਂਦੇ ਹਨ । ਉਹ ਥਾਂ ਥਾਂ ਨਹੀਂ ਭਟਕਦੇ । ਗੁਰੂ ਉਹਨਾਂ ਦੀ ਬਾਂਹ ਆਪੇ ਫੜ ਲੈਂਦਾ ਹੈ । ਜਿਨ੍ਹਾਂ ਦੀ ਜੀਵਨ-ਜਾਚ ਅੰਮ੍ਰਿਤ ਵੇਲੇ ਉੱਠ ਕੇ ਨਿਤਨੇਮ ਹੀ ਕਰਨਾ ਹੈ, ਉਨ੍ਹਾਂ ਦੀ ਰਗ-ਰਗ ਵਿਚ ਸਿਮਰਨ ਰਚਿਆ ਹੋਇਆ ਹੈ, ਉਹ ਕੇਵਲ ਉਸ ਪ੍ਰਭੂ ਦੇ ਦਰ ਦੇ ਭਿਖਾਰੀ ਹਨ, ਜਿਸ ਪ੍ਰਭੂ ਦੇ ਦਰ ਤੋਂ ਸਾਰਾ ਸੰਸਾਰ ਮੰਗ ਰਿਹਾ ਹੈ । "ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ", ਤੂੰ ਵੀ ਉਸ ਦੇ ਦਰ ਦਾ ਮੰਗਤਾ ਬਣ । ਜੇਕਰ ਅੱਜ ਕੁਝ ਪ੍ਰਾਪਤ ਨਹੀਂ ਹੋਇਆ ਤਾਂ ਮਨ ਨਾ ਡੁਲਾਈਂ । ਉਸ ਪ੍ਰਭੂ ਵਿਚ ਸ਼ਰਧਾ ਅਤੇ ਭਰੋਸਾ ਕਾਇਮ ਰੱਖੀਂ ਅਤੇ ਅਰਦਾਸ ਦਾ ਪੱਲਾ ਨਾ ਛੱਡੀਂ, ਫਿਰ ਕਦੇ ਵੀ ਉਸ ਮਾਲਕ ਦੇ ਦਰ ਤੋਂ ਖ਼ਾਲੀ ਨਹੀਂ ਜਾਏਂਗਾ, ਉਹ ਪ੍ਰਭੂ ਤੇਰੀ ਝੋਲੀ ਖ਼ੁਸ਼ੀਆਂ ਨਾਲ ਜ਼ਰੂਰ ਭਰੇਗਾ ।

---

**ਨਵੀਂ ਜੋ ਗੱਡੀ ਬਣ ਕੇ ਆਈ, ਸੋਹਣੀ ਸੋਹਣੀ ਲੱਗੇ ।**
**ਸਮਾਂ ਗੁਜ਼ਰਿਆ ਹੋਈ ਪੁਰਾਣੀ, ਫਿਰ ਚੰਗੀ ਨਾ ਲੱਗੇ ।**
**ਰੰਗ ਕਰ ਕੇ ਹੁਣ ਫਿਰ ਸ਼ਿੰਗਾਰੀ, ਨਵੀਂ ਵਾਂਗ ਇਹ ਜਾਪੇ ।**
**ਪਰ ਫਿਰ ਵੀ ਪਿੱਛੇ ਪਿੱਛੇ, ਕਦੀ ਨਾ ਹੋਵੇ ਅੱਗੇ ।**

ਅਰਥ :-ਜਦੋਂ ਕਿਤੇ ਨਵੀਂ ਮੋਟਰਕਾਰ ਆਉਂਦੀ ਹੈ ਤਾਂ ਬੜੀ ਸੋਹਣੀ ਲੱਗਦੀ ਹੈ, ਪਰ ਕੁਝ ਸਮੇਂ ਬਾਅਦ ਇਹ ਪੁਰਾਣੀ ਹੋ ਜਾਂਦੀ ਹੈ । ਫਿਰ ਨਵੀਂ ਵਾਲੀ ਸੋਭਾ ਨਹੀਂ ਰਹਿ ਜਾਂਦੀ । ਜਦੋਂ ਜ਼ਿਆਦਾ ਹੀ ਪੁਰਾਣੀ ਲੱਗਣ ਲੱਗ ਜਾਵੇ ਤਾਂ ਇਸ ਨੂੰ ਨਵਾਂ ਰੰਗ ਕਰਵਾ ਕੇ ਫਿਰ ਇਸ ਦੀ ਚਮਕ ਬਣਾ ਲਈ ਜਾਂਦੀ ਹੈ ਤੇ ਇਹ ਨਵੀਂ ਵਾਂਗੂੰ ਹੀ ਲੱਗਦੀ ਹੈ । ਭਾਵੇਂ ਇਹ ਨਵੀਂ ਵਾਂਗੂੰ ਲੱਗਦੀ ਹੈ, ਪਰ ਅੰਦਰੋਂ ਇੰਜਣ ਆਦਿਕ ਤਾਂ ਪੁਰਾਣਾ ਹੀ ਰਹਿੰਦੈ, ਸੋ ਨਵੀਂ ਵਾਲੀ ਗੱਲ ਨਹੀਂ ਬਣਦੀ ਅਤੇ ਨਾ ਹੀ ਨਵੀਂ ਗੱਡੀ ਜਿੰਨੇ ਮੁੱਲ ਦੀ ਹੀ ਹੋ ਸਕਦੀ ਹੈ ।

ਭਾਵਾਰਥ :- ਮਨੁੱਖੀ ਜੀਵਨ ਦੀ ਵੀ ਇਹੀ ਗਾਥਾ ਹੈ । ਜਵਾਨ ਹੈ ਤਾਂ ਖ਼ੂਬਸੂਰਤੀ ਹੈ, ਖ਼ੂਬ ਤਾਕਤ ਹੈ, ਪਰ ਜਿਵੇਂ ਹੀ ਬੁਢਾਪਾ ਆਇਆ, ਤਾਕਤ ਵੀ ਘਟ ਗਈ, ਖ਼ੂਬਸੂਰਤੀ ਵੀ ਘਟਦੀ ਗਈ । ਹੁਣ ਬੁਢਾਪੇ ਵਿਚ ਜਵਾਨ ਬਣਨ ਦੀ ਕਿੰਨੀ ਵੀ ਕੋਈ ਕੋਸ਼ਿਸ਼ ਕਰੇ, ਉਹ ਗੱਲ ਨਹੀਂ ਬਣ ਸਕਦੀ । ਬਾਹਰੋਂ ਮੇਕਅੱਪ ਕਰ ਕੇ ਸਿਰਫ਼ ਪੁਰਾਣੀ ਗੱਡੀ ਨੂੰ ਪੇਂਟ ਕਰਨ ਵਾਲੀ ਗੱਲ ਹੀ ਰਹਿ ਜਾਂਦੀ ਹੈ । ਸੋ, ਐ ਬੰਦੇ ! ਬਾਹਰੋਂ ਸਰੀਰ ਨੂੰ ਸ਼ਿੰਗਾਰਨ ਵਿਚ ਹੀ ਜ਼ਿੰਦਗੀ ਨਾ ਬੀਤ ਜਾਏ, ਆ, ਆਪਣਾ ਅੰਦਰਲਾ ਆਪਾ ਵੀ ਸੰਵਾਰ ਲਈਏ ।

ਧੰਨਵਾਦਿ ਸਹਿਤ :-
ਜੀਵਨ ਪ੍ਰਕਾਸ਼ ਵਿਚੋਂ

## ਸ਼ਬਦ - ਗੁਰੂ
## ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਤਿਕਾਰ

ਡਾ. ਸਰੂਪ ਸਿੰਘ ਅਲੱਗ

ਸਰਬ ਮਨੁੱਖਤਾ ਦੇ ਸਰਬਪੱਖੀ ਕਲਿਆਣ ਹਿਤ ਅਕਾਲਪੁਰਖ ਵਾਹਿਗੁਰੂ ਦੀ ਅਪਾਰ ਮਿਹਰ ਸਦਕਾ ਸਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਉਚ ਪਾਏ ਦੇ ਸੰਪਾਦਨਾ ਪ੍ਰਯਤਨਾਂ ਨੇ ਇਸ ਸੰਸਾਰ ਦੀ ਤਪਦੀ ਲੁਕਾਈ ਨੂੰ ਜੁਗੋਂ ਜੁਗ ਅਟੱਲ ਤੇ ਸ਼ਬਦ ਗੁਰੂ ਦੇ ਰੂਪ ਵਿਚ 15 ਅਗਸਤ 1604 ਈ: ਨੂੰ ਲਾਸਾਨੀ ਗ੍ਰੰਥ ਸਾਹਿਬ ਦਾ ਇਲਾਹੀ ਵਰਦਾਨ ਪ੍ਰਦਾਨ ਕੀਤਾ ਜਿਸ ਨੂੰ ਸ਼ੁਰੂ ਵਿਚ ਆਦਿ ਗ੍ਰੰਥ ਦਾ ਨਾਂ ਦਿੱਤਾ ਗਿਆ। ਇਸ ਮਹਾਨ ਗ੍ਰੰਥ ਵਿਚ 5 + 1 = 6 ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਭਾਰਤ ਦੇ ਵੱਖ ਵੱਖ ਇਲਾਕਿਆਂ, ਧਰਮਾਂ, ਫਿਰਕਿਆਂ, ਭਾਸ਼ਾਵਾਂ, ਸੰਪਰਦਾਵਾਂ ਨਾਲ ਸਬੰਧਤ ਪ੍ਰਮਾਤਮਾ ਦੀ ਉਸਤਤ ਵਿਚ ਲੀਨ 15 ਭਗਤਾਂ, 11 ਅਰਸੀ ਭੱਟਾਂ ਤੇ 4 ਗੁਰੂ ਘਰ ਦੇ ਨਿਕਟ ਪ੍ਰੇਮੀਆਂ ਦੀ ਬਾਨੀ ਵੀ ਸੁਭਾਇਮਾਨ ਹੈ ਜਿਹੜੀ 31 ਰਾਗਾਂ ਦੀ ਇਕ ਬੱਝਵੀਂ ਤਰਤੀਬ ਅਤੇ 5872 ਸ਼ਬਦਾਂ ਦੇ ਅਕਾਰੀ ਸਰੂਪ ਵਿਚ "ਧੁਰ ਕੀ ਬਾਣੀ" ਦੇ ਰੂਪ ਵਜੋਂ ਸੰਸਾਰ ਵਿਚ ਵਿਦਮਾਨ ਹੋਈ। (ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਵਿਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਹੈ। ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਹਾਨ ਗ੍ਰੰਥ ਵਿਚ ਆਪਣੇ ਪਿਤਾ ਨੌਵੇਂ ਗੁਰੂ ਸਾਹਿਬ ਦੀ ਬਾਣੀ ਸ਼ਾਮਲ ਕੀਤੀ ਜਿਸ ਕਾਰਨ ਗਿਣਤੀ 6 ਹੋ ਗਈ)। ਗੁਰੂ ਸਾਹਿਬ ਦਾ ਭਾਈਚਾਰਕ ਫਲਸਫਾ, ਕਿਸੇ ਇਕ ਫਿਰਕੇ, ਜ਼ਾਤ, ਬਰਾਦਰੀ ਭਾਈਚਾਰੇ ਦੀ ਮਾਲਕੀ ਨਹੀਂ। ਗੁਰੂ ਅਰਜਨ ਦੇਵ ਜੀ ਵਲੋਂ ਦਸੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਨਾਮੀ ਥਾਲ ਵਿਚ ਪਈਆਂ ਚਾਰ ਬਹੁਮੁਲੀਆਂ ਵਸਤਾਂ ਸਤ, ਸੰਤੋਖ, ਵਿਚਾਰ ਤੇ ਨਾਮ ਅਜਿਹੀਆਂ ਹਨ ਜਿਹੜੀਆਂ ਮਾਨਵਤਾ ਦੇ ਪ੍ਰਗਾਸ ਦਾ ਅਧਾਰ ਹਨ ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਸਰਬ ਵਿਆਪਕਤਾ, ਸਰਬੰਗਤਾ ਤੇ ਸਰਪਰਸਤੀ ਮਜ਼ਬ੍ਹੋ-ਮਿਲਤ ਤੇ ਦੇਸ਼ ਕਾਲ ਦੀਆਂ ਹੱਦਾਂ ਬੰਨ ਉਲਾਂਘ ਕੇ ਹਰ ਸਮੇਂ ਦੇ ਸਰਬ ਪ੍ਰਕਾਰੀ ਜੀਵਾਂ ਵਾਸਤੇ ਸਦਾ ਸਦਾ ਲਈ ਅਗਵਾਈ ਕਰਤਾ ਹੈ। ਅਜਿਹੀ ਸਰਪਰਸਤੀ ਸਾਡੇ ਵਡੇ ਭਾਗਾਂ ਦੀ ਲਖਾਇਕ ਹੈ। ਇਸ ਗੱਲ ਨੂੰ ਹਰ ਕੋਈ ਮੰਨਦਾ ਹੈ ਕਿ ਜੇ ਕਰ ਕਿਸੇ ਨੂੰ ਨਾਂ ਲੈ ਅਵਾਜ਼ ਮਾਰੋ ਤਾਂ ਉਹ ਅੱਗੋਂ ਜ਼ਰੂਰ ਬੋਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਅਕਾਲਪੁਰਖ ਦੇ ਨਾਵਾਂ, ਸਿਫਤਾਂ, ਗੁਣਾਂ ਤੇ ਸ਼ਕਤੀਆਂ ਦਾ ਵੱਖ ਵੱਖ ਢੰਗਾਂ ਨਾਲ ਵਰਨਣ ਕੀਤਾ ਗਿਆ ਹੈ। ਜੇ ਅਸੀਂ ਇਕ ਮਨ ਇਕ ਚਿੱਤ ਹੋ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੀਏ ਅਤੇ ਉਸ ਬਾਣੀ ਵਿਚ ਦਿੱਤੇ ਉਪਦੇਸ਼ਾਂ ਤੇ ਚਲੀਏ ਤਾਂ ਇਹ ਵੀ ਵਾਹਿਗੁਰੂ ਦਾ ਨਾਂ ਲੈ ਕੇ ਪੁਕਾਰਨ ਦੀ ਹੀ ਗੱਲ ਹੈ। ਸਚੇ ਦਿਲੋਂ ਪੁਕਾਰਨ ਦਾ ਸਾਡਾ ਨਿਸਚਾ ਹੋਣਾ ਚਾਹੀਦਾ ਹੈ, ਫਿਰ ਮਿੱਠ ਬੋਲੜਾ ਸੱਜਣ ਸਾਡੀ ਅਵਾਜ ਸੁਣ ਕੇ ਜ਼ਰੂਰ ਬੋਲੇਗਾ, ਸਾਡੇ ਨਾਲ ਗੱਲਾਂ ਕਰੇਗਾ ਤੇ ਆਪਣਾ ਓਟ ਆਸਰਾ ਬਖਸ਼ ਕੇ ਸਾਨੂੰ ਆਪਣੀ ਰਹਿਮਤ ਪ੍ਰਦਾਨ ਕਰੇਗਾ। ਬਸ ਆਪਣਾ ਅੰਦਰਲਾ ਫੋਲ ਕੇ ਅਸੀਂ ਇਹੀ ਵੇਖਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਸਮੇਂ ਕੀ ਅਸੀਂ ਉਪਰੋਕਤ ਦੱਸੀ ਸ਼ਰਧਾਮਈ ਤੇ ਸਤਿਕਾਰੀ ਭਾਵਨਾ ਵਾਲੀ ਅਵਸਥਾ ਵਿਚ ਹੁੰਦੇ ਹਾਂ ? ਬਹੁਤ ਹਾਲਤਾਂ ਵਿਚ ਅਫਸੋਸ ਨਾਲ ਇਹੀ ਕਹਿਣਾ ਪੈਂਦਾ ਹੈ ਕਿ ਨਹੀਂ, ਕਿਉਂਕਿ ਦੁਨਿਆਵੀ ਪਦਾਰਥਾਂ ਦੀ ਲਾਲਸਾ ਨੇ ਸਾਡੀਆਂ ਸਾਰੀਆਂ ਬਿਰਤੀਆਂ, ਸ਼ਕਤੀਆਂ ਤੇ ਰੁਚੀਆਂ ਨੂੰ ਲਗਦਾ ਹੈ ਰੱਬ ਤੋਂ ਬੇਮੁਖ ਕਰ ਦਿੱਤਾ ਹੈ ਜਿਸ ਦੇ ਨਤੀਜੇ ਵਜੋਂ ਧਰਮ, ਵਾਹਿਗੁਰੂ ਤੇ ਗੁਰੂ ਪ੍ਰਤੀ ਸਾਡਾ ਨਿਸਚਾ ਬਹੁਤ ਘਟ ਗਿਆ ਹੈ ਤੇ

ਜਿਹੜਾ ਥੋੜ੍ਹਾ ਬਹੁਤਾ ਹੈ, ਓਹ ਵੀ ਕੇਵਲ ਵਪਾਰਕ ਕਿਸਮ ਦਾ ਹੀ ਹੈ । ਉਸ ਵਿਚ ਵੀ ਅੰਦਰੋਂ ਅੰਦਰ ਇਹੀ ਲਾਲਸਾ ਕੰਮ ਕਰ ਰਹੀ ਹੁੰਦੀ ਹੈ ਕਿ ਗੁਰੂ ਦਾ ਦਰਵਾਜਾ ਖਟਖਟਾ ਕੇ ਨਾਮ ਦੀ ਦਾਤ ਮੰਗਣ ਦੀ ਥਾਂ ਨਾਸ਼ਵਾਨ ਪਰ ਲੁਭਾਇਮਾਨ ਮਾਇਕ ਸੁੱਖਾਂ ਦੀ ਹੀ ਪਰਾਪਤੀ ਲਈ ਅਰਜੋਈਆਂ ਕੀਤੀਆਂ ਜਾਣ । ਜੇ ਨੀਝ ਜਾਂ ਘੋਖ ਨਾਲ ਇਸ ਗੱਲ ਨੂੰ ਆਪਣੇ ਉਪਰ ਘਟਾ ਕੇ ਵੇਖੀਏ ਤਾਂ ਅਸੀਂ ਵੇਖਾਂਗੇ ਕਿ ਜੁਗੋਂ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵੀ (ਕੁਝ ਵਿਰਲੇ ਸਿਦਕੀ ਸਿੱਖਾਂ ਨੂੰ ਛੱਡ ਕੇ) ਸਾਡਾ ਸਨੇਹ, ਪਿਆਰ, ਸਤਿਕਾਰ, ਬਿਲਕੁਲ ਰਸਮੀ ਤੇ ਵਣਜੀ ਕਿਸਮ ਦਾ ਹੀ ਬਣ ਕੇ ਰਹਿ ਗਿਆ ਹੈ । ਇਹ ਠੀਕ ਹੈ ਕਿ ਬਹੁਤੇ ਅਮੀਰ ਲੋਕਾਂ ਨੇ ਪ੍ਰਤਿਸ਼ਟਾ ਦੇ ਮਨੋਰਥ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਆਪਣੇ ਨਿਵਾਸ ਅਸਥਾਨਾਂ ਵਿਖੇ ਰਖਿਆ ਹੋਇਆ ਹੈ, ਸੇਵਾ ਸੰਭਾਲ ਲਈ ਅੰਸ਼ਕਾਲੀ ਸੇਵਾਦਾਰ ਵੀ ਮੌਜੂਦ ਹਨ ਪਰ ਘਰ ਦੇ ਬੰਦਿਆਂ ਨੂੰ ਕਈ ਵਾਰੀ ਹਫਤਾ ਹਫਤਾ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਦੀ ਫੁਰਸਤ ਹੀ ਨਹੀਂ ਮਿਲਦੀ । ਹਾਂ ਜਿਸ ਦਿਨ ਕੋਈ ਦਿਨ ਦਿਹਾੜਾ ਹੋਵੇ, ਘਰ ਵਿਚ ਖੁਸ਼ੀ ਗ਼ਮੀ ਹੋਵੇ, ਵਪਾਰ ਦੀ ਦਸ਼ਾ ਠੀਕ ਨਾ ਦਿਸਦੀ ਹੋਵੇ, ਉਸ ਦਿਨ ਪਰਵਾਰ ਦੇ ਮੈਂਬਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਖੜੇ ਹੋ ਕੇ ਆਪਣੀ ਮਨੋਕਾਮਨਾ ਪੂਰੀ ਕਰਵਾਉਣ ਲਈ ਅਰਦਾਸ ਕਰਦੇ ਵੇਖੇ ਜਾ ਸਕਦੇ ਹਨ ਪਰ ਉਸ ਅਰਦਾਸ ਵਿਚ ਵੀ ਅਰਜੋਈ ਦੀ ਭਾਵਨਾ ਘਟ ਹੁੰਦੀ ਹੈ ਤੇ ਬਾਰ ਬਾਰ ਇਹੀ ਕਿਹਾ ਜਾਂਦਾ ਹੈ, "ਸੱਚੇ ਪਾਤਸ਼ਾਹ ਜੀ ਸਾਡਾ ਕਾਰਜ ਨਿਰਵਿਘਨ ਸਮਾਪਤ ਹੋ ਜਾਵੇ, ਫਲਾਣੀ ਗੱਲ ਪੂਰੀ ਹੋ ਜਾਵੇ, ਬੀਮਾਰ ਨੂੰ ਦੇਹ ਅਰੋਗਤਾ ਮਿਲੇ ਆਦਿ ।" ਸਾਰਾ ਕੁਝ ਇਵੇਂ ਬੋਲਿਆ ਜਾਂਦਾ ਹੈ ਜਿਵੇਂ ਕਿਸੇ ਮੁਆਇਦੇ ਦੀਆਂ ਸ਼ਰਤਾਂ ਦੁਹਰਾਈਆਂ ਜਾ ਰਹੀਆਂ ਹੋਣ ਜਾਂ ਕੋਈ ਮੰਗ ਪੱਤਰ ਪੜ੍ਹਿਆ ਜਾ ਰਿਹਾ ਹੋਵੇ ।

ਸ੍ਰੀ ਸਰੂਪ ਦਾਸ ਕਰਤਾ ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਾਠ 'ਮੇਰੇ ਸਾਥ ਬਾਤਾਂ ਕਰਨ ਸਮਾਨ ਹੈ ।' ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਨਾਦੇੜ ਵਿਖੇ 1780 ਈ: ਵਿਚ ਗੁਰਿਆਈ ਸੋਪਦਿਆਂ ਹੋਇਆਂ ਇਹ ਵੀ ਫੁਰਮਾਇਆ ਸੀ ਕਿ ਮੇਰੀ ਆਤਮਾ ਗ੍ਰੰਥ ਵਿਚ ਅਤੇ ਸਰੀਰ ਪੰਥ ਵਿਚ ਸਮੋਇਆ ਹੋਇਆ ਹੈ । ਇਸ ਲਈ ਗੁਰੂ ਸਾਹਿਬ ਦੇ ਇਸ ਫੁਰਮਾਨ ਨੂੰ ਧਿਆਨ ਵਿਚ ਰੱਖਦੇ ਹੋਏ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋਣ ਲਗਿਆਂ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਮਹਾਨਤਮ ਸ਼ਕਤੀ ਦੇ ਸਾਹਮਣੇ ਖੜ੍ਹੇ ਹੋਏ ਹਾਂ । ਨਿਕੇ ਜਿਹੇ ਹਾਕਮ ਸਾਹਮਣੇ ਖੜ੍ਹਨਾ ਹੋਵੇ ਤਾਂ ਅਸੀਂ ਹੱਥ ਜੋੜ ਲੈਂਦੇ ਹਾਂ, ਸਾਨੂੰ ਸਾਰੇ ਅਦਬ, ਹਲੀਮੀਆਂ ਤੇ ਖੁਸ਼ਾਮਦੀਆਂ ਆ ਜਾਂਦੀਆਂ ਹਨ ਪਰ ਗੁਰੂ ਗ੍ਰੰਥ ਸਾਹਿਬ ਵਰਗੇ ਰੱਬੀ ਜੋਤ ਦੇ ਸਤਿਕਾਰ ਵਿਚ ਕਈ ਵਾਰੀ ਅਸੀਂ ਬੜੇ ਅਣ-ਵਾਕਫ ਤੇ ਗੈਰ-ਜ਼ਿਮੇਵਾਰ ਲੱਗਣ ਲੱਗ ਜਾਂਦੇ ਹਾਂ ਤੇ ਪਤਾ ਨਹੀਂ ਲਗਦਾ ਸਾਡੀ ਸਿਦਕੀ ਭਾਵਨਾ ਨੂੰ ਉਸ ਸਮੇਂ ਕੀ ਹੋ ਜਾਂਦਾ ਹੈ ?

ਲਗਭਗ ਪੌਣੇ ਚਾਰ ਸੌ ਸਾਲਾਂ ਤੋਂ (1604 ਤੋਂ 1708 ਈ: ਤੱਕ ਆਦਿ ਗ੍ਰੰਥ ਸਾਹਿਬ ਤੇ 1708 ਈ: ਤੋਂ ਹੁਣ ਤੱਕ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ) ਜੁਗੋਂ ਜੁਗ ਅਟੱਲ ਗੁਰੂ ਦੀ ਸ਼ਰਤ ਪਏ ਹੋਣ ਦੇ ਬਾਵਜੂਦ ਵੀ ਸਾਨੂੰ ਗੁਰੂ ਨੂੰ ਸਤਿਕਾਰ ਅਰਪਤ ਕਰਨ ਦੀ ਠੀਕ ਜਾਚ ਨਹੀਂ ਆਈ । ਆਪਣੇ ਲਈ ਅਸੀਂ ਹਜਾਰਾਂ ਰੁਪਏ ਖਰਚ ਕਰਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਣ ਲਗਿਆਂ ਅਸੀਂ ਨੋਟਾਂ ਦੇ ਭਰੇ ਬਟੂਏ ਵਿਚੋਂ ਵਿਸ਼ੇਸ਼ ਤੌਰ ਤੇ ਪੰਜੀ, ਦਸੀ ਲਭ ਕੇ ਮੱਥਾ ਟੇਕਦੇ ਹਾਂ ਤੇ ਇਸ ਮਾਮੂਲੀ ਜਿਹੇ ਸਿਕੇ ਨੂੰ ਵੀ

ਵਗਾਹ ਕੇ ਗੁਰੂ ਸਾਹਿਬ ਅੱਗੇ ਇਵੇਂ ਮਾਰਦੇ ਹਾਂ ਤਾਂ ਜੋ ਉਸ ਦੇ ਖੜਾਕ ਤੋਂ ਗੁਰੂ ਦੇ ਚਰਨਾਂ ਵਿਚ ਬੈਠੀ ਸਾਰੀ ਸੰਗਤ ਨੂੰ ਵੀ ਚੰਗੀ ਤਰ੍ਹਾਂ ਦਿਸ ਪਵੇ ਕਿ ਗੁਰੂ ਦਾ ਕੋਈ ਭਗਤ ਆਪਣੀ ਕਮਾਈ ਨੂੰ ਸਫਲਾ ਕਰਦਿਆਂ ਹੋਇਆਂ 'ਬੇਅੰਤ ਦੌਲਤ' ਆਪਣੇ ਗੁਰੂ ਨੂੰ ਭੇਟ ਕਰ ਰਿਹਾ ਹੈ । ਇਹ ਸਾਡੀ ਨਾਦਾਨੀ ਹੈ, ਹਉਮੈ ਹੈ, ਚੁਸਤੀ ਹੈ, ਅਵਗਿਆ ਹੈ ਜਾਂ ਚਜ ਅਚਾਰ ਦੀ ਅਣਵਾਕਫੀ ਹੈ ਪਰ ਜੋ ਕੁਝ ਵੀ ਹੈ, ਅਫਸੋਸਨਾਕ ਹੈ । ਜਿਸ ਗੁਰੂ ਅੱਗੇ ਮਥਾ ਟੇਕ ਕੇ ਅਸੀਂ ਆਪਣਾ ਆਪ ਸਮਰਪਤ ਕਰਦੇ ਹਾਂ ਉਸ ਪ੍ਰਤੀ ਸ਼ਰਧਾ ਵੀ ਉਸੇ ਪ੍ਰਕਾਰ ਦੀ ਹੋਣੀ ਚਾਹੀਦੀ ਹੈ । ਇਸ ਤੋਂ ਮੇਰਾ ਮਤਲਬ ਇਹ ਨਹੀਂ ਕਿ ਚੜ੍ਹਾਵੇ ਵਿਚ ਵਡੀ ਰਕਮ ਹੀ ਚੜ੍ਹਾਈ ਜਾਵੇ । ਦਰਅਸਲ ਇਸ ਪ੍ਰਕਾਰ ਦੇ ਦਰਸ਼ਨੀ ਚੜ੍ਹਾਵੇ ਦੀ ਪ੍ਰਥਾ ਹੀ ਗਲਤ ਹੈ ਤੇ ਗੁਰਧਾਮਾਂ ਦੇ ਪ੍ਰਬੰਧਕਾਂ ਦੇ ਕਈ ਪ੍ਰਕਾਰ ਦੇ ਸੁਆਰਥਾਂ ਨੇ ਗੁਰੂ ਗ੍ਰੰਥ ਸਾਹਿਬ ਨਾਲ ਗੋਲਕ ਦਾ ਸਬੰਧ ਇਵੇਂ ਜੋੜ ਦਿੱਤਾ ਹੈ ਜਿਵੇਂ ਚੰਦਨ ਦੇ ਰੁੱਖ ਨਾਲ ਸੱਪ ਦਾ ਹੁੰਦਾ ਹੈ । ਗੁਰੂ ਗ੍ਰੰਥ ਸਾਹਿਬ ਅੱਗੇ ਮਾਇਆ ਦਾ ਚੜ੍ਹਾਵਾ ਚੜ੍ਹਾਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ । ਖੁਦ ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਮੋਹ ਦਾ ਖੰਡਨ ਕੀਤਾ ਗਿਆ ਹੈ ਫਿਰ ਗੁਰੂ ਸਾਹਿਬ ਅੱਗੇ ਵਡੀਆਂ ਵਡੀਆਂ ਗੋਲਕਾਂ ਵਡੇ ਵਡੇ ਸੀਲ ਮੋਹਰ ਜੰਦਰੇ ਲਗਾ ਕੇ ਰੱਖਣੀਆਂ ਵਾਜਬ ਨਹੀਂ ਜਾਪਦੀਆਂ । ਇਨ੍ਹਾਂ ਗੋਲਕਾਂ ਤੋਂ ਦੇਖਣ ਵਾਲੇ ਤੇ ਪਹਿਲੀ ਨਜ਼ਰੋਂ ਦੋ ਗੱਲਾਂ ਦਾ ਅਹਿਸਾਸ ਉਤਪੰਨ ਹੁੰਦਾ ਹੈ । ਇਕ ਤਾਂ ਇਹ ਕਿ ਅਸੀਂ ਮਾਇਆ ਜਾਲ ਵਿਚ ਬਹੁਤ ਬੁਰੀ ਤਰ੍ਹਾਂ ਗਰਸਤ ਹਾਂ ਅਤੇ ਗੁਰੂ ਪ੍ਰਤੀ ਸਨੇਹ ਤੇ ਸ਼ਰਧਾ ਪ੍ਰਗਟਾਉਣ ਵਿਚ ਵੀ ਇਸੇ ਤਰ੍ਹਾਂ ਦਾ ਹੀ ਸਹਾਰਾ ਲੈ ਰਹੇ ਹਾਂ ਅਤੇ ਦੂਜੀ ਗੱਲ ਇਹ ਕਿ ਅਸੀਂ ਅਮਾਨਤ ਵਿਚ ਖਿਆਨਤ ਕਰ ਸਕਦੇ ਹਾਂ, ਮਾਇਆ ਦੇਖ ਕੇ ਭਰਮ ਸਕਦੇ ਹਾਂ ਅਤੇ ਗੁਰੂ ਦਰਬਾਰ ਵਿਚ ਸੰਗਤ ਵਲੋਂ ਭੇਂਟ ਕੀਤੀ ਮਾਇਆ ਨੂੰ ਹੜੱਪ ਵੀ ਕਰ ਸਕਦੇ ਹਾਂ ਜਿਸ ਨੂੰ ਕਹਿਣ ਨੂੰ ਅਸੀਂ ਕਚਾ ਪਾਰਾ ਸਮਝ ਕੇ ਮਾਰੂ ਜ਼ਹਿਰ ਕਹਿੰਦੇ ਹਾਂ । ਇਸੇ ਲਈ ਗੋਲਕਾਂ ਤੇ ਮੋਟੇ ਮੋਟੇ ਮੁਹਰਬੰਦ ਜੰਦਰੇ ਲਗਾਏ ਜਾਂਦੇ ਹਨ ਤਾਂ ਕਿ ਗੁਰੂ ਘਰ ਲਈ ਆਈ ਇਸ ਮਾਇਆ ਤੱਕ ਸਾਡੀ ਅਯੋਗ ਰਸਾਈ ਨਾ ਹੋ ਸਕੇ । ਪਰ ਕੀ ਇਹ ਜੰਦਰੇ ਸਹੀ ਅਰਥਾਂ ਵਿਚ ਮਕਸਦ ਦੀ ਸਿਧੀ ਕਰਦੇ ਹਨ ਜਾਂ ਜੰਦਰਿਆਂ ਸਮੇਤ ਗੋਲਕਾਂ ਹੀ ਗਾਇਬ ਹੋ ਜਾਂਦੀਆਂ ਹਨ ? ਇਹ ਗੱਲ ਅਸੀਂ ਹਰ ਇਕ ਦੇ ਆਪਣੇ ਆਪਣੇ ਤਜਰਬੇ ਅਤੇ ਅਨੁਭਵ ਤੇ ਹੀ ਛਡਦੇ ਹਾਂ ।

ਜੇ ਅਸੀਂ ਸਚਮੁਚ ਵਾਹਿਗੁਰੂ ਦੀ ਸ਼ਰਨ ਪੈ ਕੇ ਆਤਮਿਕ ਅਨੰਦ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਭਾਵਨਾ ਨਾਲ ਜੁੜਨਾ ਪਵੇਗਾ, ਫੋਕਟ ਦੇ ਵਹਿਮਾਂ, ਰਸਮਾਂ, ਰਿਵਾਜਾਂ ਨਾਲ ਕੁਝ ਪ੍ਰਾਪਤੀ ਹੋਣ ਵਾਲੀ ਨਹੀਂ ਇਵੇਂ ਜਾਂ ਤਾਂ ਸਾਡੀ ਨਾਸਤਿਕਤਾ ਵੱਧਦੀ ਹੈ ਜਾਂ ਹਉਮੈ, ਅਤੇ ਇਹ ਹਉਮੈ ਹੀ ਸਾਨੂੰ ਮੂਲ ਸਰੋਤ ਦੀ ਸੋਝੀ ਨਹੀਂ ਹੋਣ ਦੇਂਦੀ । ਇਸ ਲਈ ਆਪਣੀ ਹਉਮੈ ਨੂੰ ਮਾਰ ਕੇ ਗੁਰੂ ਦੇ ਲੜ ਲਗਣਾ ਜ਼ਰੂਰੀ ਹੈ । ਸਾਨੂੰ ਆਪਣੀ ਮਤ ਤਿਆਗਣੀ ਪਵੇਗੀ ਕਿਉਂਕਿ ਆਪਣੀ ਮੱਤ ਤੇ ਚਲਦਿਆਂ ਹੋਇਆਂ ਅਸੀਂ ਆਤਮਘਾਤ ਵਲ ਵੱਧ ਰਹੇ ਹਾਂ । ਸਾਡਾ ਬਚਾਓ ਇਸੇ ਗੱਲ ਵਿਚ ਹੈ ਕਿ ਅਸੀਂ ਗੁਰੂ ਦੀ ਮਤ ਗ੍ਰਹਿਣ ਕਰੀਏ । ਗੁਰੂ ਗ੍ਰੰਥ ਦਾ ਹਰ ਸ਼ਬਦ ਸਾਡੀ ਜ਼ਿੰਦਗੀ ਵਿਚੋਂ ਕਾਮ, ਕਰੋਧ, ਹੰਕਾਰ, ਲੋਭ ਤੇ ਮੋਹ ਵਰਗੇ ਦੁਸ਼ਟ ਪ੍ਰਭਾਵਾਂ ਨੂੰ ਨਸ਼ਟ ਕਰਕੇ ਨਾਮ ਸਿਮਰਨ, ਸੇਵਾ, ਸਬਰ, ਸੰਤੋਖ, ਵਲ ਅਕਰਸ਼ਤ ਕਰਦਾ ਹੈ ਇਸ ਲਈ ਜੇ ਅਸੀਂ ਆਪਣੇ ਆਪ ਪ੍ਰਤੀ ਵਫਾਦਾਰ ਹਾਂ ਤਾਂ ਸਾਨੂੰ ਹੰਕਾਰ ਦੇ ਪੰਛੀ ਨੂੰ ਕਾਬੂ ਕਰਨਾ ਹੋਵੇਗਾ ਜਿਹੜਾ ਕਾਮ ਤੇ ਕ੍ਰੋਧ ਰੂਪੀ ਖੰਭਾਂ ਅਤੇ ਮੋਹ ਰੂਪੀ ਟੰਗਾਂ ਦੇ ਸਹਾਰੇ ਉਡਦਾ ਤੇ ਚਲਦਾ

ਫਿਰਦਾ ਹੈ। ਇਸ ਸਭ ਕੁਝ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਆਤਮਿਕ ਅਨੁਭਵ ਨਾਲ ਇਕ ਮਿਕ ਹੋਣਾ ਪਵੇਗਾ, ਨੇਕ ਕਿਰਤ ਕਮਾਈ ਲਈ ਜੂਝਣਾ ਪਵੇਗਾ, ਵੰਡ ਛਕਣ, ਦੂਜੇ ਦੀ ਮਦਦ ਕਰਨ, ਮਾਨਵਤਾ ਨੂੰ ਰੱਬ ਦਾ ਆਪਣਾ ਸਰੂਪ ਸਮਝ ਕੇ ਉਸ ਦੀ ਸੇਵਾ ਕਰਨ ਲਈ ਮੈਦਾਨ ਵਿਚ ਨਿਤਰਣਾ ਪਵੇਗਾ। ਸੇਵਾ ਤੇ ਸਿਮਰਨ ਦੇ ਸਾਗਰ ਵਿਚ ਚੁਭੀਆਂ ਲਗਾਉਣੀਆਂ ਪੈਣਗੀਆਂ। ਸਰੋਵਰ ਦੇ ਕੰਡੇ ਤੇ ਖੜੇ ਹੋਣ ਨਾਲ ਜੇ ਸਾਡੇ ਪਰਛਾਵੇ ਸਰੋਵਰ ਵਿਚ ਪੈਣ ਤਦ ਸਾਡੇ ਸਰੀਰ ਦਾ ਇਸ਼ਨਾਨ ਤਾਂ ਨਹੀਂ ਨਾ ਹੋ ਸਕਦਾ ? ਇਸ ਲਈ ਕੰਡੇ ਤੇ ਖੜ ਕੇ ਪਰਛਾਵੇਂ ਦੇ ਮਾਧਿਅਮ ਨਾਲ ਰਸਮੀ ਇਸ਼ਨਾਨ ਦੀ ਥਾਂ ਸਰੋਵਰ ਵਿਚ ਉਤਰ ਪੈਣ ਨਾਲ ਹੀ ਗਲ ਬਣੇਗੀ। ਇਸ ਵਾਸਤੇ ਜੇ ਅਸੀਂ ਵਾਹਿਗੁਰੂ ਦੇ ਦਰਬਾਰ ਵਿਚ ਮਕਬੂਲੀਅਤ ਤੇ ਰਸਾਈ ਚਾਹੁੰਦੇ ਹਾਂ ਤਾਂ ਅਸੀਂ ਗੁਰਬਾਣੀ ਦੇ ਪਾਠ ਤੇ ਵਿਚਾਰ ਤੋਂ ਅਗਲੀ ਸਟੇਜ ਤੇ ਵੀ ਪਹੁੰਚੀਏ ਅਤੇ ਗੁਰਬਾਣੀ ਅਨੁਸਾਰ ਵਿਹਾਰ ਤੇ ਪਿਆਰ ਕਰਨਾ ਸਿਖੀਏ ਤੇ ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਨਿਸਚਾ ਪੈਦਾ ਕਰੀਏ ਜਿਸ ਦਾ ਵਰਨਣ ਕਬੀਰ ਜੀ ਨੇ ਨਿਮਨ ਪੰਗਤੀ ਵਿਚ ਕੀਤਾ ਹੈ ਜੋ ਗੁਰੂ ਗ੍ਰੰਥ ਵਿੱਚ ਅੰਕਤ ਨਹੀਂ :-

ਗੁਰੂ ਗੋਬਿੰਦ ਦੋਨੋਂ ਖੜੇ ਕਾਹ ਕੇ ਲਾਗੋਂ ਪਾਇ

ਬਲਹਾਰੀ ਗੁਰ ਆਪਣੇ ਜਿਨ ਗੋਬਿੰਦ ਦੀਆਂ ਮਿਲਾਇ

ਇਸ ਪਰਕਾਰ ਦੇ ਵਿਚਾਰ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 652 ਤੇ ਦਿੱਤੇ ਆਪਣੇ ਇਕ ਸ਼ਬਦ ਵਿੱਚ ਪ੍ਰਗਟ ਕੀਤੇ ਹਨ:

ਹਉ ਵਾਰਿਆ ਆਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ।

ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਕਿਸੇ ਚੀਜ਼ ਦਾ ਵਿਚਾਰ ਸਾਡੇ ਮਸਤਕ ਤੱਕ ਪਹੁੰਚਦਾ ਹੈ ਪਰ ਉਸ ਦਾ ਸ਼ਰਧਾ ਪੂਰਵਕ ਪਿਆਰ ਤੇ ਸਤਿਕਾਰ ਹਿਰਦੇ ਰਾਹੀਂ ਰੋਮ ਰੋਮ ਵਿਚ ਸਮਾਂ ਜਾਂਦਾ ਹੈ। ਇਸ ਲਈ ਪ੍ਰਭੂ ਪ੍ਰਾਪਤੀ ਤੇ ਮੇਲ ਮਿਲਾਪ ਲਈ ਪਿਆਰ ਦੀ ਸਟੇਜ ਵੀ ਅਵਸ਼ੱਕ ਹੈ। ਫਲਸਰੂਪ ਸਾਨੂੰ ਬਾਣੀ ਵੀ ਦਿਮਾਗ ਦੇ ਨਾਲ ਨਾਲ ਹਿਰਦੇ ਨਾਲ ਪੜ੍ਹਨੀ ਚਾਹੀਦੀ ਹੈ। ਇਕ ਸ਼ਰਧਾਲੂ ਭਗਤ ਦੀ ਇਹ ਰੁਚੀ ਹੁੰਦੀ ਹੈ। ਇਸ ਭਾਵਨਾ ਦੇ ਧਾਰਨੀ ਲਈ ਗੁਰੂ ਉਸ ਤੋਂ ਦੂਰ ਨਹੀਂ ਹੋ ਸਕਦਾ ਸਗੋਂ ਉਹ ਤਾਂ ਉਸ ਦੇ ਅੰਗ ਸੰਗ ਹੈ। ਚਤੁਰਾਈ ਨਾਲ ਕਿਸੇ ਉਸ ਨੂੰ ਨਹੀਂ ਪਾਇਆ ਭਾਵੇਂ ਚਤੁਰ ਗਿਆਨੀ ਆਪਣੀ ਤੁੱਛ ਬੁੱਧੀ ਨਾਲ ਮਹਾਨ ਸ਼ਾਬਦਿਕ ਜੋਤ ਬਾਰੇ ਤੁੱਕੇ ਬਾਜ਼ੀਆਂ ਲਗਾ ਕੇ ਆਪਣੇ ਉਲੂ ਸਿੱਧਾ ਕਰਕੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਨ ਵਿਚ ਵੀ ਕਸਰ ਨਹੀਂ ਛਡਦੇ। **ਉਹ ਗੋਲ ਦਾਇਰੇ ਦੇ ਸੈਂਟਰ ਵਿੱਚ ਤੀਰ ਮਾਰਨ ਦੀ ਸਮਰਥਾ ਤਾਂ ਨਹੀਂ ਰਖਦੇ ਕਿਉਂਕਿ ਇਸ ਵਿੱਚ ਬਹੁਤ ਮਿਹਨਤ, ਮਸ਼ਕ ਤੇ ਤਰਦੱਦ ਦੀ ਲੋੜ ਪੈਂਦੀ ਹੈ ਪਰ ਉਹ ਇਸ ਕੰਮ ਲਈ ਸੌਖਾ ਰਸਤਾ ਜ਼ਰੂਰ ਲਭ ਲੈਂਦੇ ਹਨ। ਉਹ ਰਸਤਾ ਕੀ ਹੈ ? ਗੱਲ ਸੌਖੀ ਹੈ, ਅਜਿਹੇ ਚਤੁਰ ਗਿਆਨੀ ਪਹਿਲੇ ਤੀਰ ਮਾਰਦੇ ਹਨ ਫਿਰ ਉਸ ਦੇ ਆਸ ਪਾਸ ਇਵੇਂ ਦਾਇਰਾ ਮਾਰ ਦੇਂਦੇ ਹਨ ਕਿ ਉਨ੍ਹਾਂ ਵਲੋਂ ਮਾਰਿਆ ਤੀਰ ਐਨ ਸੈਂਟਰ ਵਿੱਚ ਲੱਗਾ ਦਿਸਦਾ ਹੈ**। ਇਵੇਂ ਉਹ ਆਪਣੇ ਕਪਟ ਤੇ ਛਲ ਨਾਲ ਉਤਮ ਤੀਰ-ਅੰਦਾਜ਼ ਅਖਵਾਣ ਲਗ ਪੈਂਦੇ ਹਨ। ਇਹ ਉਨ੍ਹਾਂ ਦੀ ਚਤੁਰ ਪ੍ਰਾਪਤੀ ਨਹੀਂ ਤਾਂ ਹੋਰ ਕੀ ਹੈ ? ਅਜਿਹੀ ਚਤੁਰਾਈ ਨਾਲ ਉਹ ਗੁਰਬਾਣੀ ਦੇ ਅਰਥ ਆਪਣੀ ਸੋਚ ਤੇ ਲੋੜ ਮੁਤਾਬਕ ਕੱਢ ਲੈਂਦੇ ਹਨ। ਉਹ ਆਪਣੀ ਜ਼ਾਤੀ ਲੋੜ ਤੇ ਫੋਕੀ ਚੌਧਰ ਨੂੰ ਚਮਕਾਉਣ ਲਈ

ਫਲ ਦੀ ਸੰਭਾਲ ਤੇ ਉਸ ਦੀ ਪ੍ਰਾਪਤੀ ਵਲ ਘਟ ਪਰ ਛਿਲਕੇ ਦੀ ਸੰਭਾਲ ਵਲ ਭੋਲੇ ਭਾਲੇ ਅਭਿਲਾਸ਼ੀਆਂ ਨੂੰ ਵਧੇਰੇ ਜੋੜ ਕੇ ਤੇ ਪ੍ਰਭੂ ਪ੍ਰਾਪਤੀ ਦੇ ਮੁਖ ਆਸ਼ੇ ਤੋਂ ਹਟਾ ਕੇ ਆਪਣੇ ਨਿਜ ਸਵਾਰਥੀ ਭਰਮਾਂ, ਰਸਮਾਂ, ਮਰਿਆਦਾਵਾਂ ਵਿੱਚ ਫਸਾ ਕੇ ਗੁਰੂ ਗ੍ਰੰਥ ਸਾਹਿਬ ਵਲੋਂ ਦਰਸਾਏ ਗਾਡੀ ਰਾਹ ਤੋਂ ਬਹੁਤ ਦੂਰ ਲੈ ਜਾਂਦੇ ਹਨ । ਅਜਿਹੇ ਗਿਆਨੀ ਤੇ ਚਤੁਰ ਭੇਖੀ ਵਾਸਤਵ ਵਿੱਚ ਤਸਕਰ ਹਨ, ਸਮਗਲਰ ਹਨ, ਪਾਖੰਡੀ ਹਨ ਇਸ ਲਈ ਇਨ੍ਹਾਂ ਤੋਂ ਬਚਣਾ ਜ਼ਰੂਰੀ ਹੈ । ਵਾਹਿਗੁਰੂ ਨੇ ਤਾਂ ਸਾਡਾ ਵੈਰਾਗ ਦੇਖਣਾ ਹੈ ਜੋ ਅੰਤਰੀਵ ਤਰੰਗ ਹੈ, ਦੁਨੀਆਂ ਸਾਡਾ ਬਾਹਰਲਾ ਪਰਤਾਪ ਦੇਖਦੀ ਹੈ, ਜਿਸ ਦਾ ਧਰਮ ਨਾਲ ਕੋਈ ਸਰੋਕਾਰ ਨਹੀਂ । ਇਸ ਲਈ ਸਾਨੂੰ ਖੁਦ ਸੋਚਣਾ ਚਾਹੀਦਾ ਹੈ ਕਿ ਅਸੀਂ ਕਿਸ ਪਾਸੇ ਵੱਲ ਵੱਧ ਰਹੇ ਹਾਂ । ਸ਼ਬਦ-ਗੁਰੂ ਦੇ ਲੜ ਲਗਣ ਵਿੱਚ ਹੀ ਸਾਡਾ ਕਲਿਆਣ ਹੈ ਤੇ ਭਟਕਣਾ ਤੋਂ ਮੁਕਤੀ ਵੀ । ਇਸ ਵਾਸਤੇ ਅਸੀਂ ਆਪਾ ਚੀਨੀਏ ਤੇ ਦਰੁਸਤ ਭਾਵਨਾ ਨਾਲ ਗੁਰੂ ਦੇ ਲੜ ਲਗੀਏ । ਗੁਰੂ ਗ੍ਰੰਥ ਸਾਹਿਬ ਵਲ ਪੂਰੀ ਨੇਕ ਨੀਤੀ ਨਾਲ ਪਰਤਣ ਵਿਚ ਹੀ ਸਾਡਾ ਹਿਤ ਹੈ ਕਿਉਂਕਿ ਇਹ ਅਜਿਹੇ ਬਹੁਮੁੱਲੇ ਪਰਵਚਨਾਂ ਦਾ ਖ਼ਜ਼ਾਨਾ ਹੈ ਜਿਸ ਦੀ ਪ੍ਰਾਪਤੀ ਨਾਲ ਸਾਡੀ ਤ੍ਰਿਸ਼ਨਾ ਮੁਕ ਸਕਦੀ ਹੈ ਤੇ ਅਸੀਂ ਇਕ ਸੰਤੁਲਤ ਤੇ ਅਰਥ ਪੂਰਨ ਜੀਵਨ ਜੀਣ ਜੋਗੇ ਹੋ ਸਕਦੇ ਹਾਂ । ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਇਕ ਸੋਚੇ ਸਮਝੇ ਪ੍ਰੋਗਰਾਮ ਦਾ ਸਾਰਥਕ ਰੂਪ ਹੈ । ਇਹ ਸ਼ਬਦ-ਗੁਰੂ ਸਾਰੀ ਮਾਨਵਤਾ ਦਾ ਗੁਰੂ ਤੇ ਪਥ ਪਰਦਰਸ਼ਕ ਹੈ ਕੇਵਲ ਸਿਖਾਂ ਦਾ ਨਹੀਂ । ਇਹੀ ਕਾਰਨ ਹੈ ਕਿ ਇਸ ਦੀ ਸਿਰਜਨਾ ਵਿਚ 36 ਮਹਾਂਪੁਰਸ਼ਾਂ ਦਾ ਯੋਗਦਾਨ ਹੈ ਜੋ ਭਾਰਤ ਦੇ ਵੱਖ-ਵੱਖ ਇਲਾਕਿਆਂ, ਫਿਰਕਿਆਂ, ਧਰਮਾਂ, ਭਾਸ਼ਾਵਾਂ, ਅਕੀਦਿਆਂ ਤੇ ਸਮਾਜਾਂ ਦਾ ਪ੍ਰਤੀਨਿਧਤਵ (ਨੁਮਾਇੰਦਗੀ) ਕਰਦੇ ਹਨ । ਖੁਦ ਗੁਰੂ ਨਾਨਕ ਦੇਵ ਜੀ ਦੀ ਇੱਛਾ ਸੀ ਕਿ ਮਨੁੱਖਤਾ ਨੂੰ "ਸ਼ਬਦ-ਗੁਰੂ" ਦੇ ਹੀ ਲੜ ਲਗਾਇਆ ਜਾਵੇ ਜੋ ਕਾਮਲ ਗੁਰੂ ਹੈ । "ਧੁਰ ਕੀ ਬਾਣੀ" ਵਾਲਾ ਸ਼ਬਦ ਦਰਅਸਲ ਗੁਰੂ ਦਾ ਆਤਮਿਕ ਸਰੂਪ ਹੈ । ਇਹ 'ਸ਼ਬਦ-ਗੁਰੂ' ਹੀ ਸਾਡਾ ਸਿਖਿਆ ਦਾਤਾ ਹੈ ਜਿਸ ਵਿੱਚ ਗੁਰੂ ਦੀ ਸ਼ਰੀਰਕ ਹਸਤੀ ਲੁਪਤ ਰੂਪ ਵਿੱਚ ਬਿਰਾਜਮਾਨ ਹੈ । ਗੁਰੂ ਨਾਨਕ ਸਾਹਿਬ ਨੇ ਵੀ ਸ਼ਬਦ ਨੂੰ ਹੀ ਆਪਣਾ ਗੁਰੂ ਦਸਿਆ ਹੈ ਜੋ ਵਾਹਿਗੁਰੂ ਦੀ ਹਸਤੀ ਦੀ ਤਰਜਮਾਨੀ ਵਿੱਚ ਸਾਖਿਆਤ ਵਿਦਮਾਨ ਹੈ । ਸ਼ਬਦ ਦੇ ਰੂਪ ਵਿੱਚ ਹੀ ਗੁਰੂ ਨਾਨਕ ਸਾਹਿਬ ਲਈ ਗੁਰੂ ਦਾ ਰੋਲ ਖੁਦ ਅਕਾਲਪੁਰਖ ਨੇ ਨਿਭਾਇਆ ਹੈ ਤਦੇ ਹੀ ਉਨ੍ਹਾਂ ਵਿੱਚ ਤੇ ਅਕਾਲਪੁਰਖ ਵਿੱਚ ਕੋਈ ਅੰਤਰ, ਕੋਈ ਫਰਕ, ਕੋਈ ਤਫਰਕਾ ਨਹੀਂ । ਗੁਰੂ ਸਾਹਿਬ ਦੀ ਇਹੀ ਜੋਤ ਦਸ ਗੁਰੂ ਸਾਹਿਬਾਨ ਵਿਚੋਂ ਵਿਚਰਦੀ ਅਖੀਰ ਗੁਰੂ ਗ੍ਰੰਥ ਸਾਹਿਬ ਵਿਚ ਵਲੀਨ ਹੋ ਗਈ ਹੈ । ਇਸ ਲਈ ਵੀ ਗੁਰੂ ਗ੍ਰੰਥ ਸਾਹਿਬ, ਵਾਹਿਗੁਰੂ ਦਾ ਸ਼ਾਬਦਿਕ ਸਰੂਪ ਹਨ ਜਾਂ ਇਵੇਂ ਕਹਿ ਲਵੋ ਕਿ ਖੁਦ ਅਕਾਲਪੁਰਖ ਹਨ । ਅਜਿਹੇ ਪਰਮਾਤਮਾ ਰੂਪੀ ਗੁਰੂ ਦੀ ਸੰਗਤ ਮਾਣਨਾ ਪਲ ਪਲ ਦਾ ਕਰਮ ਹੈ ਜਿਸ ਨੂੰ ਖੰਡ ਖੰਡ ਕਰਕੇ ਪ੍ਰਾਪਤ ਕਰਨ ਦੀ ਰੁਚੀ ਨੂੰ ਅਲਵਿਦਾ ਹੀ ਕਹਿਣਾ ਪਵੇਗਾ ਤੇ ਗੁਰੂ ਗ੍ਰੰਥ ਸਾਹਿਬ ਇਸ ਖੇਤਰ ਵਿਚ ਵੀ ਸਾਡੇ ਸਹਾਈ ਹੋਣਗੇ । ਇਤਨੇ ਮਹਾਨ ਗੁਰੂ ਦੀ ਅਨੰਤ ਹਸਤੀ ਨੂੰ ਅਖੋਂ ਓਹਲੇ ਕਰਕੇ ਜੇ ਕਰ ਕੁਝ "ਮੂਰਖ ਗਿਆਨੀ" ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਦੇ ਵਿਪਰੀਤ ਕੁਝ ਕਹਿਣ ਤਾਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕੋਈ ਮਾਰ ਵਗ ਗਈ ਹੈ ਜਿਸ ਦੇ ਭੈੜੇ ਅਸਰ ਨੂੰ ਜ਼ਾਇਲ ਕਰਨ ਹਿਤ ਉਨ੍ਹਾਂ ਨੂੰ ਸਭ ਬਖਸ਼ਸ਼ਾਂ ਰਹਿਮਤਾਂ ਤੇ ਮਿਹਰਾਂ ਪਰਦਾਨ ਕਰਨ ਵਾਲੇ ਇਸੇ ਸ਼ਬਦ ਗੁਰੂ ਦੀ ਸ਼ਰਨ ਪੈ ਕੇ ਭੁਲਾਂ ਬਖਸ਼ਾਣੀਆਂ ਚਾਹੀਦੀਆਂ ਹਨ ਅਤੇ ਪੂਰਨ ਯਕੀਨ ਹੈ ਕਿ ਪੂਰਨ ਸਤਿਗੁਰੂ ਜੀ ਜ਼ਰੂਰ ਉਨ੍ਹਾਂ ਦੀ ਨਾਦਾਨੀ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਨੂੰ ਸੁਮੱਤ ਬਖਸ਼ਣਗੇ । ਪੁੱਤਰ ਤਾਂ ਕਪੁੱਤਰ ਹੋ ਸਕਦੇ ਹਨ, ਮਾਪੇ ਕਮਾਪੇ

ਨਹੀਂ ਹੁੰਦੇ । ਅਸਲੀਅਤ ਤਾਂ ਇਹ ਹੈ ਕਿ ਹੁਣ ਦੁਨੀਆਂ ਦੇ ਇਕ ਦੂਜੇ ਦੇ ਨੇੜੇ ਹੋ ਜਾਣ ਨਾਲ ਹਰ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਹੁਮੁਲੀ ਸਰਬਪਖੀ ਮਹਾਨਤਾ ਦੇ ਕੁਝ ਕੁਝ ਦਰਸ਼ਨ ਹੋਣੇ ਸ਼ੁਰੂ ਹੋ ਗਏ ਹਨ । ਵਿਸ਼ੇਸ਼ ਤਰੱਦਦਾਂ ਨਾਲ ਇਸ ਮਹਾਨ ਬਾਣੀ ਅਤੇ ਉਸ ਦੇ ਉਪਦੇਸ਼ਾਂ ਨੂੰ ਕੰਪਿਊਟਰ ਦੇ ਇੰਟਰਨੈੱਟ ਸਿਸਟਮ ਵਿੱਚ ਪਾਏ ਜਾਣ ਨਾਲ ਵਿਸ਼ਵ ਦੇ ਹਰ ਘਰ ਵਿੱਚ ਇਨ੍ਹਾਂ ਸੁਚੇ ਪਰਵਚਨਾਂ ਨੂੰ ਪਹੁੰਚਾਣ ਦੇ ਰਾਹ ਮੋਕਲੇ ਹੋ ਚੁੱਕੇ ਹਨ । ਉਪਰ 20ਵੀਂ ਸਦੀ ਦਾ ਮਨੁੱਖ ਜੋ ਸਰੀਰਕ ਪੱਖੋ ਵਿਕਸਤ ਅਤੇ ਸੁਖ ਅਰਾਮ ਦਾ ਧਾਰਨੀ ਬੇਸ਼ਕ ਹੋ ਗਿਆ ਹੋਵੇ ਪਰ ਆਤਮਕ ਪਖੋਂ ਉਪਰਾਮ ਹੈ, ਤਨਾਓ ਵਿੱਚ ਹੈ, ਪਰੇਸ਼ਾਨੀ ਵਿੱਚ ਹੈ, ਆਪਣੇ ਆਪ ਵਿੱਚ ਹੀ ਉਲਝਿਆ ਹੋਇਆ ਹੈ ਅਤੇ ਜਿਉਂ ਜਿਉਂ ਇਸ ਉਲਝਣ, ਇਸ ਭਟਕਣ ਵਿਚੋਂ ਨਿਕਲਣ ਦੇ ਪਰਯਤਨ ਕਰਦਾ ਹੈ ਉਤਨਾ ਹੀ ਆਪਣੇ ਆਪ ਨੂੰ ਇਸ ਵਿੱਚ ਹੋਰ ਗਰਸਿਆ ਪਾਉਂਦਾ ਹੈ । ਉਸ ਦੀ ਇਸ ਮੰਦਹਾਲੀ ਨੂੰ ਦੇਖਦਿਆਂ ਹੋਇਆਂ ਹੀ ਇਸ ਸਮਾਪਤ ਹੋ ਰਹੀ ਸਦੀ ਦਾ ਨਾਂ 'ਸਮਸਿਆਵਾਂ ਦੀ ਸਦੀ' ਰਖਿਆ ਗਿਆ ਜਿਸ ਤੋਂ ਮਨੁੱਖ ਨੂੰ ਆਤਮਕ ਤੌਰ ਤੇ ਬੇਚੈਨੀਆਂ ਅਤੇ ਆਰਥਕ ਤੌਰ ਤੇ ਪਰੇਸ਼ਾਨੀਆਂ ਹੀ ਨਸੀਬ ਹੋਈਆ ਹਨ । ਮਨੋਵਿਗਿਆਨੀ ਇਸ ਸਭ ਕੁਝ ਲਈ ਮਨੁੱਖ ਦੀ ਮਾਇਕ ਭਟਕਣ ਦੀ ਰੁਚੀ ਨੂੰ ਹੀ ਦੋਸ਼ ਦੇਂਦੇ ਹਨ ਜਿਸ ਨੇ ਆਤਮਕ ਤੌਰ ਤੇ ਉਸਨੂੰ ਪਛਾੜ ਦਿੱਤਾ ਹੈ, ਮਾਰ ਦਿੱਤਾ ਹੈ । ਇਸ ਹਾਲਤ ਵਿੱਚ ਭਟਕੇ ਮਨੁੱਖ ਨੂੰ ਆਤਮਕ ਸ਼ਾਂਤੀ ਤੇ ਮਾਨਸਕ ਅਨੰਦ ਦੀ ਬਹੁਤ ਅਵਸ਼ਕਤਾ ਹੈ ਜੋ ਉਸ ਨੂੰ ਭਰਪੂਰ ਮਾਤਰਾ ਵਿੱਚ ਕੇਵਲ ਤੇ ਕੇਵਲ ਸ਼ਬਦ -ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਮਿਲ ਸਕਦੀ ਹੈ ਇਸ ਲਈ ਇਹ ਕਹਿਣ ਵਿੱਚ ਕੋਈ ਅਤਕਥਨੀ ਨਹੀਂ ਕਿ 21ਵੀਂ ਸਦੀ ਦੇ ਮਨੁੱਖ ਦਾ ਧਰਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਉਸ ਨੂੰ ਆਤਮਕ ਸ਼ਾਂਤੀ ਲਈ ਗੁਰੂ ਗ੍ਰੰਥ ਸਾਹਿਬ ਦਾ ਸਹਾਰਾ ਲੈਣਾ ਪਵੇਗਾ ਕਿਉਂਕਿ ਗੁਰੂ ਰੂਪੀ ਇਹ ਇਲਾਹੀ ਗ੍ਰੰਥ ਸਮੁੱਚੀ ਮਾਨਵਤਾ ਦੇ ਕਲਿਆਣ ਹਿਤ ਪਰਕਾਸ਼ਮਾਨ ਹੋਇਆ ਹੈ ਅਤੇ ਸਾਰੀ ਮਨੁੱਖਤਾ ਦਾ ਸਹੀ ਮਾਰਗ ਦਰਸ਼ਨ ਕਰਨ ਦੀ ਪੂਰਨ ਸਮਰਥਾ ਰਖਦਾ ਹੈ । ਇਸ ਲਈ ਸਮੂਹ ਮਨੁੱਖੀ ਭਾਈਚਾਰਾ ਜਿਤਨਾ ਜਲਦੀ ਗੁਰੂ ਗ੍ਰੰਥ ਸਾਹਿਬ ਵਲ ਪ੍ਰੇਰਤ ਹੋਵੇਗਾ, ਲੜ ਲਗੇਗਾ ਉਤਨਾ ਹੀ ਸਾਡਾ ਜੀਵਨ ਮਾਰਗ ਸਰਲ ਤੇ ਅਨੰਦ ਮਈ ਹੋਵੇਗਾ । ਇਸ ਸੁਭਾਗੀ ਘੜੀ ਨੂੰ ਨੇੜੇ ਕਰਨ ਹਿੱਤ ਆਓ ਅਸੀਂ ਜੋ ਸਦੀਆਂ ਤੋਂ ਇਸ ਜੁਗੋਂ-ਜੁਗ ਅਟੱਲ ਗੁਰੂ ਦੇ ਲੜ ਲਗੇ ਹੋਏ ਹਾਂ, ਆਪਣੇ ਸ਼ੁਭ ਅਮਲਾਂ, ਨੇਕ ਵਿਰਾਗਾਂ, ਸੁਚੇ ਕਿਰਦਾਰਾਂ ਸਦਕਾ ਅਜਿਹਾ ਵਿਸਮਾਦੀ ਵਾਤਾਵਰਨ ਸਜਾ ਦੇਈਏ ਕਿ ਜੋ ਵੀ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਸੰਪਰਕ ਵਿੱਚ ਆਵੇ, ਉਸ ਨੂੰ ਅਹਿਸਾਸ ਹੋਣਾ ਸ਼ੁਰੂ ਹੋ ਜਾਵੇ ਕਿ ਇਹ ਸਿੱਖ ਮਨੁੱਖ, ਗੁਰੂ ਗ੍ਰੰਥ ਸਾਹਿਬ ਦੀ ਟੇਕ ਥਲੇ ਜੀਣ ਸਦਕਾ, ਇਕ ਵਿਲੱਖਣ ਕਿਸਮ ਦੇ ਪਵਿਤਰ ਇਨਸਾਨ ਹਨ, ਜਿਨ੍ਹਾਂ ਦੇ ਜੀਵਨ ਨੂੰ ਚਲਦੇ ਰਖਣ ਲਈ ਇਨ੍ਹਾਂ ਦੀਆਂ ਰਗਾਂ ਵਿੱਚ ਲਾਲ ਲਹੂ ਘਟ ਅਤੇ ਗੁਰਬਾਣੀ ਦੇ ਅੰਮ੍ਰਿਤ ਦੀ ਧਾਰਾ ਵਧੇਰੇ ਪ੍ਰਬਲ ਰੂਪ ਵਿੱਚ ਨਿਰੰਤਰ ਚਲ ਰਹੀ ਹੈ ।

ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹਿ

ਧੰਨਵਾਦਿ ਸਹਿਤ ਵਿੱਚੋ:-

"ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ"

# ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥

**ਬਲਵਿੰਦਰ ਸਿੰਘ 'ਸਾ.ਗਰ'**

ਆਦਿ ਕਾਲ ਤੋਂ ਮਨੁੱਖ ਸੁਖ ਦੀ ਤਲਾਸ਼ ਵਿੱਚ ਹੈ । ਸੁਖ ਦੀ ਪ੍ਰਾਪਤੀ ਲਈ ਮਨੁੱਖ ਵਲੋਂ ਲਗਾਤਾਰ ਅਨੇਕਾਂ ਯਤਨ ਕੀਤੇ ਜਾ ਚੁਕੇ ਹਨ । ਧਾਰਮਕ ਲੋਕਾਂ ਨੇ ਸੁਖਾਂ ਦੀ ਪ੍ਰਾਪਤੀ ਲਈ ਵਖੋ ਵਖਰੇ ਯਤਨ, ਰਸਤੇ, ਸਾਧਨ, ਜੁਗਤੀਆਂ, ਸਿਧਾਂਤ, ਫਿਲਾਸਫੀ ਅਤੇ ਕਈ ਹੋਰ ਢੰਗ ਤਰੀਕੇ ਅਪਨਾਏ । ਪਦਾਰਥ ਵਾਦੀਆਂ ਨੇ ਵੀ ਸੁਖ ਪ੍ਰਾਪਤ ਕਰਨ ਲਈ ਯਤਨ ਕੀਤੇ । ਉਨ੍ਹਾਂ ਸੁਖ ਦੇ ਸਾਧਨ ਇਕਠੇ ਕਰਨੇ ਸ਼ੁਰੂ ਕਰ ਦਿਤੇ । ਅਥਾਹ ਮਾਇਆ ਇਕਠੀ ਕੀਤੀ । ਅਥਾਹ ਸ਼ਕਤੀ ਅਤੇ ਸ਼ੋਹਰਤ ਪ੍ਰਾਪਤ ਕੀਤੀ । ਪਰੰਤੂ ਸੁਖ ਦੀ ਪ੍ਰਾਪਤੀ ਇਨ੍ਹਾਂ ਲੋਕਾਂ ਲਈ ਵੀ ਸੁਪਨਾ ਹੀ ਬਣੀ ਰਹੀ ।

ਗੁਰਮਤਿ ਵਿੱਚ ਸੁਖ-ਪ੍ਰਾਪਤੀ ਲਈ ਬਹੁਤ ਹੀ ਸਰਲ ਅਤੇ ਸੁਖੈਨ ਜੁਗਤੀ ਦਸੀ ਗਈ ਹੈ । ਇਸ ਜੁਗਤੀ ਦਾ ਜ਼ਿਕਰ ਗੁਰਬਾਣੀ ਵਿਚ ਅਨੇਕਾਂ ਵਾਰ ਆਇਆ ਹੈ । ਅਸੀਂ ਬਹੁਤ ਬਾਰ ਪੜ੍ਹਿਆ ਹੈ ਸੁਣਿਆ ਵੀ ਹੈ । ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਸੁਖੀ ਜੀਵਨ ਦੀ ਇਸ ਜੁਗਤਿ ਦਾ ਖੁਲਾਸਾ ਕਰਦੇ ਰਾਗ ਗਉੜੀ ਵਿਚ ਫੁਰਮਾਉਂਦੇ ਹਨ :

**ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥**
**ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥**
**ਰਹਾਉ ॥** ਅੰਗ ੨੧੦

ਤਿਆਗ ਤੇ ਬੈਰਾਗ ਦੀ ਮੂਰਤ ਧੰਨ ਗੁਰੂ ਤੇਗ ਬਹਾਦਰ ਜੀ ਦੇ ਮਹਾਂ ਬੋਲ ਸਾਡਾ ਮਾਰਗ ਦਰਸ਼ਨ ਕਰਦੇ ਹਨ ;

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**
**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥ ਅੰਗ ੧੪੨੭**

**ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥**
**ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥ਅੰਗ ੧੪੨੬**

ਪਰੰਤੂ ਅਸੀ ਵੀ ਇਸ ਜੁਗਤੀ ਨੂੰ ਪੜ੍ਹਨ ਤੇ ਸੁਣਨ ਤੱਕ ਹੀ ਸੀਮਿਤ ਰਖਿਆ । ਇਸ ਤੋਂ ਅੱਗੇ ਨਹੀਂ ਚਲੇ । ਅਸੀਂ ਗੁਰੂ ਦੀ ਗਲ ਸੁਣ ਕੇ ਸਮਝੀ ਨਹੀਂ , ਜੇ ਗੁਰੂ ਕਿਰਪਾ ਨਾਲ ਸਮਝ ਆ ਵੀ ਗਈ ਤਾਂ ਮੰਨੀ ਨਹੀਂ । ਜੇ ਮੰਨ ਵੀ ਲਈ ਤਾਂ ਉਸ ਤੇ ਅਮਲ ਨਹੀਂ ਕੀਤਾ । ਗੁਰੂ ਦੇ ਦਸੇ ਮਾਰਗ ਨੂੰ ਜੀਵਨ ਸ਼ੈਲੀ ਦਾ ਹਿਸਾ ਨਹੀਂ ਬਣਾਇਆ । ਨਤੀਜਾ ਦੁਖ, ਕਲੇਸ਼, ਨਫਰਤ , ਈਰਖਾ ,ਦਵੈਸ਼, ਦੁਸ਼ਮਨੀ, ਅਸ਼ਾਂਤੀ, ਚਿੰਤਾ ਤੇ ਬੈਚੈਨੀ । ਇਹ ਹੀ ਹੈ ਸਾਡਾ ਅਜ ਦਾ ਸਮਾਜ । ਸਾਡਾ ਪਰਿਵਾਰ ਸਾਡਾ ਨਿਜੀ ਜੀਵਨ । ਕਾਰਨ ਬਹੁਤ ਹੀ ਸਪਸ਼ਟ ਹੈ ਕਿਉਂਕਿ:

ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ ॥ ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ ॥੩॥
ਕਹੁ ਨਾਨਕ ਪ੍ਰਭੁ ਸਿਮਰਹੁ ਏਕ ॥ ਗਤਿ ਪਾਈਐ ਗੁਰ ਪੂਰੇ ਟੇਕ ॥ ਅੰਗ ੩੯੫

ਦਾਤਾਂ ਮਾਣਦੇ ਮਾਣਦੇ ਦਾਤੇ ਨੂੰ ਭੁਲ ਗਏ ਹਾਂ । ਨਾਮ ਵਿਸਾਰ ਕੇ ਮਾਇਆ ਪਿਛੈ ਭਜ ਰਹੇ ਹਾਂ । ਫੋਕਟ ਕਰਮ ਕਰੀ ਜਾਂਦੇ ਹਾਂ ।ਜੀਵਨ ਦਾ ਮਨੋਰਥ ਪ੍ਰਭੂ ਮਿਲਾਪ ਦੀ ਬਜਾਇ ਮਾਇਆ ਇਕੱਤਰ ਕਰਨਾ ਹੀ ਰਹਿ ਗਿਆ ਹੈ ।ਫਿਰ ਸੁਖ ਦੀ ਪ੍ਰਾਪਤੀ ਕਿਵੇਂ ਹੋਵੇਗੀ ।ਸੁਖ ਤਾਂ ਮਿਲਣਾ ਸੀ ਨਾਮ ਜਪਣ ਨਾਲ ।

ਧਰਮ ਕਮਾਉਣ ਨਾਲ ।ਉਸ ਪਾਸੇ ਤਾਂ ਸਾਡਾ ਧਿਆਨ ਹੀ ਨਹੀਂ ਗਿਆ । ਅਸੀਂ ਪੰਜਾਂ ਵਿਕਾਰਾਂ ਤੇ ਕਾਬੂ ਪਾਉਣ ਦਾ ਕੋਈ ਠੋਸ ਉਪਰਾਲਾ ਨਹੀ ਕੀਤਾ । ਕੋਈ ਸੁਹਿਰਦ ਯਤਨ ਨਹੀ ਕੀਤਾ । ਨਿੰਦਾ ਚੁਗਲੀ ਦਾ ਤਿਆਗ ਨਹੀਂ ਕੀਤਾ। ਦਇਆ ,ਛਿਮਾ, ਧੀਰਜ-ਧਰਮ ਨੂੰ ਨਹੀਂ ਅਪਣਾਇਆ ।

ਅਸੀਂ ਧਰਮ ਕਰਮ ਦੇ ਅਨੇਕਾਂ ਕਰਮ ਵੀ ਕਰਦੇ ਹਾਂ । ਦਾਅਵੇ ਨਾਲ ਕਹਿ ਦਿੰਦੇ ਹਾਂ ਕਿ ਮੈਂ ਤਾਂ ਪੱਕਾ ਨਿਤਨੇਮੀ ਹਾਂ । ਮੈਂ ਤਾਂ ਅਮ੍ਰਿਤ ਧਾਰੀ ਹਾਂ । ਦੋਨੋ ਵਕਤ ਗੁਰੂ ਘਰ ਜਾਂਦਾਂ ਹਾਂ । ਕਥਾ ਕੀਰਤਨ ਸੁਣਦਾ ਹਾਂ । ਸੇਵਾ ਵੀ ਕਰਦਾ ਹਾਂ । ਪਰ ਜੇ ਕੋਈ ਗੁਰਮੁਖਿ ਕਿਸੇ ਗੱਲ ਤੋਂ ਟੋਕ ਦੇਵੇ ਜਾਂ ਕੋਈ ਸੁਝਾਅ ਦੇ ਦੇਵੇ ਤਾਂ ਅੱਗ ਬਬੂਲਾ ਹੋ ਜਾਂਦਾ ਹਾਂ । ਹਾਲਾਂ ਕਿ ਅਸੀ ਖੁਦ ਕਿਸੇ ਵਿੱਚ ਵੀ ਨੁਕਸ ਕਢਨ ਤੇ ਕਹਿਣ ਦਾ ਕੋਈ ਮੌਕਾ ਨਹੀਂ ਛਡਦੇ । ਭਾਵੇ ਉਹ ਗੁਰੂ ਕਾ ਕੀਰਤਨੀਆਂ ਯਾਂ ਪ੍ਰਚਾਰਕ ਹੋਵੇ ਯਾਂ ਪ੍ਰਬੰਧਕ ਹੋਵੇ । ਦੂਸਰੇ ਪਾਸੇ ਸਾਡੇ ਕੀਰਤਨੀਏ, ਪ੍ਰਚਾਰਕ, ਪ੍ਰਬੰਧਕ ਵੀ ਇਸ ਤੋਂ ਅਛੂਤੇ ਨਹੀਂ ਹਨ ।

ਕਾਰਨ ਸਿਰਫ ਇਕੋ ਹੈ ਕਿ ਗੁਰੂ ਨੂੰ ਤਾਂ ਮੰਨਦੇ ਹਾਂ ਪਰ ਗੁਰੂ ਦੀ ਨਹੀਂ ਮੰਨਦੇ । ਸਾਡਾ ਹਾਲ ਉਸ ਕੜਛੀ ਵਰਗਾ ਹੈ ਜੋ ਅਤੀ ਸਵਾਦਿਸ਼ਟ ਭੋਜਨ ਵਿੱਚ ਘੰਟਿਆ ਬੱਧੀ ਰਹਿ ਕੇ ਵੀ ਖਾਲੀ, ਸਵਾਦ ਤੋਂ ਸਖਣੀ ਅਤੇ ਰਸ ਤੋਂ ਵੰਚਿਤ ਹੈ । ਗੁਰੂ ਬਾਣੀ ਵਿੱਚ ਧੰਨ ਗੁਰੂ ਅਰਜੁਨ ਦੇਵ ਜੀ ਦਾ ਪਾਵਨ ਸ਼ਲੋਕ

ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨ੍ਹਿ ਸੁਞੀਆ............. ਅੰਗ ੫੨੧

ਗੁਰੂ ਘਰਾਂ ਵਿੱਚ ਕੀਰਤਨ ਕਥਾ ਦੇ ਪ੍ਰੋਗਰਾਮ ਨਿਰੰਤਰ ਜਾਰੀ ਹਨ । ਬੇਅੰਤ ਸਭਾਵਾਂ, ਸੁਸਾਇਟੀਆਂ ਅਤੇ ਗੁਰਮੁਖ ਜਨ ਵੱਡੇ ਵੱਡੇ ਗੁਰਮਤਿ ਸਮਾਗਮ ਆਯੋਜਿਤ ਕਰ ਰਹੇ ਹਨ । ਲਖਾਂ ਰੁਪਏ ਵੀ ਖਰਚ ਹੋ ਰਹੇ ਹਨ । ਗੁਰੂ ਕੇ ਲੰਗਰਾਂ ਵਿੱਚ ਚੋਖੀ ਭੀੜ ਵੀ ਰਹਿੰਦੀ ਹੈ । ਟੀ. ਵੀ ਚੈਨਲ, ਸੋਸ਼ਲ ਮੀਡੀਆ ਵੀ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹਨ । ਪੰਜ ਸਦੀਆਂ ਤੋਂ ਸਿੱਖ ਸਿਖੀ ਦਾਨ, ਰਹਿਤ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ ਦੀਆਂ ਅਰਦਾਸਾਂ ਕਰ ਰਹੇ ਹਨ । ਪਰ ਅਸਲੀਅਤ ਕੀ ਹੈ ? ਸਾਰੇ ਸੂਝਵਾਨ ਪਾਠਕ ਇਸ ਸਵਾਲ ਦਾ ਜਬਾਬ ਖੁਦ ਤੋਂ ਹੀ ਪੁਛਣ ਦੀ ਕਿਰਪਾਲਤਾ ਕਰਨ ।

ਸਿੱਖਾਂ ਵਿੱਚ ਜ਼ਾਤੀ ਝਗੜੇ, ਪਥੰਕ ਪਧਰ ਤੇ ਵੰਡ ਤੇ ਵਖਰੇਵਾ ਸਿਖਰਾਂ ਤੇ ਹੈ । ਸੁਖ ਕਿਥੇ ਹੈ ? ਸੁਖ ਹੈ ਹੀ ਨਹੀਂ ਕਿਉਂਕਿ ਸਾਡੀ ਤਰਜ-ਏ-ਜ਼ਿੰਦਗੀ ਗੁਰੂ ਆਸ਼ੇ ਮੁਤਾਬਿਕ ਹੈ ਹੀ ਨਹੀਂ । ਸਾਨੂੰ ਗੁਰੂ ਦਾ ਇਹ ਪਾਵਨ ਵਾਕ ਯਾਦ ਹੀ ਨਹੀ ਕਿ.

ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥ ... ਅੰਗ ੧੧੪੭

ਲੋੜ ਇਸ ਗਲ ਦੀ ਹੈ ਕਿ ਅਸੀ ਗੁਰੂ ਦਾ ਪਵਿੱਤਰ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਧਾਰਨ ਕਰੀਏ । ਗੁਰਮਤਿ ਅਨੁਸਾਰ ਮਿਠਾ ਬੋਲਣ, ਨਿਵ ਚਲਣ, ਹਥਹੁ ਦੇ ਦੇ ਕੇ ਭਲਾ ਮਨਾਇਉਣ ਨੂੰ ਅਪਣੇ ਜੀਵਨ ਵਿੱਚ ਅਪਣਾਈਏ । ਨਾਮ ਜਪੀਏ । ਹਿਰਦੇ ਨਾਮ ਵਸਾਈਏ । ਮੈ ਨੂੰ ਮਾਰ ਕੇ ਕ੍ਰੋਧ ਨੂੰ ਤਿਆਗ ਕੇ ਨਿਮਰਤਾ ਵਾਲਾ ਜੀਵਨ ਬਣਾਈਏ । ਗੁਰੂ ਸੁਖਾਂ ਨਾਲ ਅਡੀਆਂ ਝੋਲੀਆ ਭਰ ਦੇਵੇਗਾ । ਗੁਰੂ ਸੁਖਾਂ ਦਾ ਸਾਗਰ ਹੈ । ਸਰਬ ਸੁਖਾਂ ਦਾ ਦਾਤਾ ਹੈ । ਸੁਖ ਨਿਧਾਨ ਹੈ । ਆਓ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣੀਏ ਅਤੇ ਸੁਖੀ ਜੀਵਨ ਬੀਤਾਈਏ ।

# ਅਗਸਤ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਭਾਦੋ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-08-2016 ਦਿਨ ਮੰਗਲਵਾਰ ਸ਼ਾਮ ਨੂੰ **6.30** ਤੋਂ **9.00** ਵਜੇ ਤੱਕ '**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤ**"ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-07-2016 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 16-07-2016 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 16-07-2016 ਦਿਨ ਸਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **"ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ "॥** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ।ਕਥਾ ਦੀ ਸੇਵਾ ਵਾਇਸ ਪ੍ਰਿੰਸੀਪਲ ਭਾਈ ਹਰਵੀਰ ਸਿੰਘ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ - ਨਵੇਂ ਬੈਚ ਦੀ ਅਰੰਭਤਾ

ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਵਿਖੇ 3 ¼ ਸਾਲਾਂ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਲਈ ਨਵੇਂ ਬੈਚ ਦੀ ਅਰੰਭਤਾ ਲਈ ਅਰਦਾਸ ਸਮਾਗਮ ਅਤੇ ਨਵੇ ਬੱਚਿਆ ਨੂੰ ਕਮਰ ਕੱਸੇ ਮਿਤੀ 3-07-2016 (ਐਤਵਾਰ) ਨੂੰ ਸਵੇਰੇ 8 ਵਜੇ ਤੋਂ 11.00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕਰਵਾਏ ਗਏ। ਇਸ ਬੈਚ ਵਿੱਚ 8 ਵਿਦਿਆਰਥੀ ਭਰਤੀ ਕੀਤੇ ਗਏ ਹਨ। ਜਿਨਾਂ ਦੀਆ ਹੁਣ ਰੇਗੂਲਰ ਕਲਾਸਾਂ ਸੁਰੂ ਕਰ ਦਿੱਤੀਆਂ ਗਇਆਂ ਹਨ । ਸਮਾਗਮ ਵਿੱਚ ਕਮਰ ਕੱਸੇ ਉਪਰੰਤ ਸੋਸਾਇਟੀ ਦੇ ਪ੍ਰਬੰਧਕਾਂ ਅਤੇ ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਕਰਦੇ ਵਿਦਿਆਰਥੀਆਂ ਦਾ ਦ੍ਰਿਸ਼ ਹੇਠ ਅੰਕਿਤ ਹੈ।





# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੂਨ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 85 | 135 | 220 |
| 2 | Eye | 18 | 33 | 51 |
| 3 | Cardiology | 04 | 49 | 53 |
| 4 | Dental | 19 | 34 | 53 |
| 5 | Gynaecology | 14 | 35 | 49 |
| 6 | Homoeopathy | 28 | 237 | 265 |
| 7 | Physiotherapy | 14 | 60 | 74 |
| | Total | 182 | 583 | 765 |
| | Laboratory | 66 | - | 66 |

## ਧੰਨਵਾਦ :

### ਜੁਲਾਈ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Tarninder Singh #246/Sec.- 9/Chd 40,000/-
2. S. C.S. Khuman #1390/Sec.- 33C/Chd 60,000/-
3. Bibi Harbans Kaur #1443/Sec.- 34C/Chd 500/-
4. Bibi Harsharan Kaur Sethi #1440/34C/Chd 500/-
5. Col. H.S Uppal #306/Sec.- 33A/Chd 40,000/-
6. Dr. Kuldip Singh #1999/Phase -X/Mohali 10,000/-
7. S. Narinder Bir Singh #1444/Sec.- 34C/Chd 2,000/-
8. Bibi Harsharan Kaur #1109/ Sec.- 36C/Chd 20,000/-
9. Bibi Surjit Kaur #1444/Sec.- 34C/Chd 2,000/-
10. S. Nirmal Singh/ #892/L.I.C. ColyM. Kharar 1,030/-
11. All Indian Sikh Federation(Regd.) Lajpat Nagar IV New Delhi 21,000/-
12. Vijay Kumar # 111/Ram Darbar/Ph-I/Chd. 100/-
13. Bibi Paramjit Kaur #2179/Sec.- 63/Chd 100/-
14. Bibi Rajleen Kaur #836/Phase II/Mohali 500/-
15. Bibi. Harleen Kaur Sarna #107G, Shivalik Vihar Naya Goan, Mohali 500/-
16. Bibi Harpreet Kaur #461/Sec 44A/Chd 500/-
17. S. Harsharnpal Singh Bhatia#461/Sec 44A 500/-
18. Bibi Gurdeep Kaur #461/Sec 44A/Chd 500/-
19. S. Gursewak Singh/Mundi Kharar 50/-
20. S. Lakhwinder Singh/L.I.C. Colony 251/-
21. Bibi Harmeet Kaur/L.I.C. Colony 100/-
22. S. Amarjit Singh/L.I.C. Colony 100/-
23. S. Arbh Singh/L.I.C. Colony 100/-
24. S. Harbhagat Singh #520C//L.I.C. Colony 100/-
25. Bibi Dalbir Kaur/Chhajju Majra/Mundi Kharar 100/-
26. S. Lavi Singh/L.I.C. Colony 100/-
27. S. Gursagar Singh/ Mundi Kharar 100/-
28. S. HarjinderSingh/L.I.C. Colony 100/-
29. Bibi Manjit Kaur Bindra #1655/Sec.34D/Chd 500/-
30. S. Tarninder Singh #246/Sec.- 9/Chd 35,000/-
31. Bibi Daljit Kaur Gakhar #1600/Sec34D/Chd 10,000/-
32. Mata Gian Kaur Ji #179B/Sunny Encl./Kharar1,500/-
33. Capt. Parmatam Singh #1218/Sec.33C/ Chd 100/-
34. S. Kuldip Singh # 1541/Sector -69/Mohali 20,000/-
35. Bibi Jasbir Kaur/Kothi No. 100/Ph-3BI/Mohali15,000/-
36. Bibi Surinder Kaur #87/Phase-3BI/Mohali 10,000/-
37. S. Daljeet Singh #474/Phase-3BI/Mohali 1,100/-
38. Dr. Jagjeet Singh #25/Phase-7/Mohali 2,000/-
39. S. Deep Singh #2978/Phase-7/Mohali 2,000/-
40. S. Prem Singh Premi c/o HM 74Ph-3BI 5,000/-
41. Dr. Saranjit Singh #2817/Phase-7/Mohali 2,000/-
42. Bibi Manmohan Kaur/Kothi No. 941/Ph-4 20,000/-
43. Atam Science Trust #A-1, Kalindi Colony/ New Delhi 15,000/-
44. S. Darbaaz Singh/ Model Town/ Mundi Kharar500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।